ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com

DAILY CHARHDIKALA, NEW DELHI

Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' | ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 206 ਨਵੀਂ ਦਿੱਲੀ, ਸੋਮਵਾਰ 27 ਜੁਲਾਈ, 2026, Monday 27 July, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936


## ਈ. ਡੀ. ਨੇ ਮਨੀ ਲਾਂਡਰਿੰਗ ਮਾਮਲੇ 'ਚ 332 ਕਰੋੜ ਦੀ ਜਾਇਦਾਦ ਕੀਤੀ ਕੁਰਕ

ਨਵੀਂ ਦਿੱਲੀ, 26 ਜੁਲਾਈ (ਪ੍ਰਤੀਨਿਧੀ) : ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਜਾਂਚ ਦੇ ਹਿੱਸੇ ਵਜੋਂ ਮੁੰਬਈ ਵਿਚ ਇਕ ਹੋਟਲ ਅਤੇ ਇਕ ਪਲਾਟ ਜ਼ਬਤ ਕੀਤਾ ਹੈ, ਜਿਸ ਦੀ ਕੁੱਲ ਕੀਮਤ 332 ਕਰੋੜ ਰੁਪਏ ਹੈ। ਇਹ ਜਾਂਚ ਮਰਾਠੀ ਕਲਾ ਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਬਣਾਏ ਟਰੱਸਟ ਨੂੰ ਅਲਾਟ ਕੀਤੇ ਪਲਾਟ ਦੀ ਵਰਤੋਂ ਵਿਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਹੈ। ਕੇਂਦਰੀ ਏਜੰਸੀ ਨੇ ਕਿਹਾ ਕਿ ਕੁਰਕ ਜਾਇਦਾਦਾਂ ਵਿਚ ਬਾਂਦਰਾ 'ਚ ਹੋਟਲ ਰੰਗ ਸ਼ਾਰਦਾ ਤੇ ਪੱਛਮੀ ਮੁੰਬਈ ਦੇ ਪ੍ਰਭਾਦੇਵੀ ਖੇਤਰ ਵਿਚ ਇਕ ਪਲਾਟ ਸ਼ਾਮਲ ਹੈ।

## ਬਾਰਿਸ਼ ਕਾਰਨ ਜ਼ਮੀਨ ਖਿਸਕਣ ਨਾਲ ਕੁੱਲ 'ਚ 134 ਸੜਕਾਂ ਬੰਦ

ਸ਼ਿਮਲਾ, 26 ਜੁਲਾਈ (ਪ੍ਰਤੀਨਿਧੀ): ਭਾਰੀ ਬਾਰਿਸ਼ ਕਾਰਨ ਜ਼ਮੀਨ ਖਿਸਕਣ ਅਤੇ ਅਚਾਨਕ ਹੜ੍ਹ ਨਾਲ ਸ਼ਨੀਵਾਰ ਨੂੰ ਹਿਮਾਚਲ ਪ੍ਰਦੇਸ਼ 'ਚ ਕੁੱਲ 134 ਸੜਕਾਂ ਬੰਦ ਰਹੀਆਂ। ਇਸ ਦੇ ਨਾਲ ਹੀ, ਮੌਸਮ ਵਿਭਾਗ ਨੇ ਰਾਜ ਦੇ ਚਾਰ ਜ਼ਿਲ੍ਹਿਆਂ 'ਚ 28 ਤੋਂ 30 ਜੁਲਾਈ ਦੌਰਾਨ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਦਾ ਓਰੇਂਜ ਅਲਰਟ ਜਾਰੀ ਕੀਤਾ ਹੈ। ਸ਼ਿਮਲਾ ਸਥਿਤ ਮੌਸਮ ਵਿਗਿਆਨ ਕੇਂਦਰ ਨੇ ਐਤਵਾਰ ਸਵੇਰ ਤੱਕ ਚੰਬਾ, ਕਾਂਗੜਾ, ਕਿੰਨੌਰ, ਕੁੱਲੂ, ਮੰਡੀ, ਸ਼ਿਮਲਾ ਅਤੇ ਸਿਰਮੌਰ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ 'ਚ ਘੱਟ ਤੋਂ ਮੱਧਮ ਪੱਧਰ ਦੇ ਅਚਾਨਕ ਹੜ੍ਹ ਦਾ ਖਤਰਾ ਵੀ ਜਤਾਇਆ ਹੈ।

# ਪ੍ਰਵਾਸੀ ਭਾਰਤੀ ਭਾਰਤ ਦੇ ਸੱਚੇ ਨੁਮਾਇੰਦੇ: ਮੁਰਮੂ

### ਰਾਸ਼ਟਰਪਤੀ ਨੇ ਰੋਮਾਨੀਆ 'ਚ ਰਹਿੰਦੇ ਭਾਰਤੀ ਮੂਲ ਕੇ ਲੋਕਾਂ ਦੀ ਪ੍ਰਸ਼ੰਸਾ ਕੀਤੀ




ਬੁਖਾਰੈਸਟ (ਰੋਮਾਨੀਆ), 26 ਜੁਲਾਈ (ਪ੍ਰਤੀਨਿਧੀ) : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਰੋਮਾਨੀਆ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰ ਭਾਰਤ ਦੇ ਸੱਚੇ ਪ੍ਰਤੀਨਿਧ ਹਨ, ਜਿਨ੍ਹਾਂ ਦੀਆਂ ਪ੍ਰਾਪਤੀਆਂ ਨਵੀਂ ਦਿੱਲੀ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੀਆਂ ਹਨ ਅਤੇ ਦੁਨੀਆ ਭਰ ਦੇ ਦੇਸ਼ਾਂ ਨਾਲ ਇਸ ਦੇ ਸਬੰਧਾਂ ਨੂੰ ਮਜ਼ਬੂਤ ਕਰਦੀਆਂ ਹਨ। ਇੱਥੇ ਭਾਰਤੀ ਭਾਈਚਾਰੇ ਲਈ ਰੱਖੇ ਗਏ ਸਵਾਗਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ, ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਭਾਰਤ-ਰੋਮਾਨੀਆ ਸਬੰਧਾਂ ਦਾ ਸਭ ਤੋਂ ਮਜ਼ਬੂਤ ?ਥੰਮ੍ਹ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਡੂੰਘਾ ਰਿਸ਼ਤਾ ਹੈ।

ਰਾਸ਼ਟਰਪਤੀ ਨੇ ਕਿਹਾ, "ਮੈਨੂੰ ਇਹ ਦੇਖ ਕੇ ਖ਼ੁਸ਼ੀ ਹੋਈ ਹੈ ਕਿ ਪਰਵਾਸੀ ਭਾਰਤੀ ਏਕਤਾ ਨਾਲ ਰਹਿ ਰਹੇ ਹਨ ਅਤੇ ਰੋਮਾਨੀਆ ਵਿੱਚ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਜਿਉਂਦਾ ਰੱਖ ਰਹੇ ਹਨ।" ਉਨ੍ਹਾਂ ਰੋਮਾਨੀਆ ਦੇ ਅਰਥਚਾਰੇ ਵਿੱਚ ਭਾਰਤੀ ਕੰਪਨੀਆਂ ਤੇ ਪੇਸ਼ੇਵਰਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਰਤੀ ਆਈ ਟੀ ਇੰਜਨੀਅਰਾਂ, ਵਿਦਵਾਨਾਂ, ਖੋਜੀਆਂ, ਸਿਹਤ ਸੰਭਾਲ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਦੀ ਨਵੀਂ ਪੀੜ੍ਹੀ ਹੁਣ ਰੋਮਾਨੀਆ ਨੂੰ ਆਪਣਾ ਘਰ ਬਣਾ ਰਹੀ ਹੈ। ਉਨ੍ਹਾਂ ਕਿਹਾ, "ਮੈਨੂੰ ਇਹ ਦੇਖ ਕੇ ਖ਼ੁਸ਼ੀ ਹੋਈ ਹੈ ਕਿ ਭਾਰਤੀ ਕੰਪਨੀਆਂ ਤੇ ਭਾਰਤੀ ਪੇਸ਼ੇਵਰ ਰੋਮਾਨੀਆ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ ਅਤੇ ਨਾਲ ਹੀ ਸਾਡੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਲਈ ਨਵੇਂ ਮੌਕੇ ਵੀ ਪੈਦਾ ਕਰ ਰਹੇ ਹਨ।" ਰਾਸ਼ਟਰਪਤੀ ਮੁਰਮੂ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਇਸ ਯੂਰੋਪੀਅਨ ਦੇਸ਼ ਦਾ ਦੌਰਾ ਕਰਨ ਵਾਲੇ ਕਿਸੇ ਵੀ ਭਾਰਤੀ ਰਾਸ਼ਟਰਪਤੀ ਦੇ ਪਹਿਲੇ ਸਰਕਾਰੀ ਦੌਰੇ 'ਤੇ ਵੀਰਵਾਰ ਨੂੰ ਇੱਥੇ ਪਹੁੰਚੇ ਸਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ, "ਰੋਮਾਨੀਆ ਦੇ ਅਰਥਚਾਰੇ ਤੇ ਸਮਾਜ ਵਿੱਚ ਤੁਹਾਡਾ ਯੋਗਦਾਨ ਅਤੇ ਇੱਥੇ ਭਾਰਤੀ ਸੱਭਿਆਚਾਰ ਤੇ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਤੁਹਾਡੇ ਯਤਨ, ਤੁਹਾਨੂੰ ਭਾਰਤ ਦੇ ਸੱਚੇ ਪ੍ਰਤੀਨਿਧ ਬਣਾਉਂਦੇ ਹਨ।"

### 'ਮਨ ਕੀ ਬਾਤ' 'ਚ ਗੂੰਜੀ ਕਾਰਗਿਲ ਦੇ ਸ਼ਹੀਦਾਂ ਦੀ ਕੁਰਬਾਨੀ

# ਮੋਦੀ ਨੇ ਦੇਸ਼ ਦੇ ਬਹਾਦਰ ਜਵਾਨਾਂ ਨੂੰ ਕੀਤਾ ਸਲਾਮ

ਨਵੀਂ ਦਿੱਲੀ, 26 ਜੁਲਾਈ (ਅੰਮ੍ਰਿਤਪਾਲ ਸਿੰਘ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਾਰਗਿਲ ਯੁੱਧ ਦੇ ਹੀਰੋਜ਼ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਾਰਗਿਲ ਵਿਜੇ ਦਿਵਸ ਦੇਸ਼ ਦੀ ਹਿੰਮਤ, ਬਹਾਦਰੀ ਅਤੇ ਕੁਰਬਾਨੀ ਦਾ ਸਦਾ ਬਣਿਆ ਰਹਿਣ ਵਾਲਾ ਪ੍ਰਤੀਕ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਿਸ ਤਰ੍ਹਾਂ ਭਾਰਤ ਦੀ ਯੁਵਾ ਸ਼ਕਤੀ ਤਕਨਾਲੋਜੀ, ਖੇਡਾਂ, ਵਿਗਿਆਨ ਅਤੇ ਇਨੋਵੇਸ਼ਨ ਦੇ ਖੇਤਰਾਂ ਵਿੱਚ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਰਹੀ ਹੈ।



'ਮਨ ਕੀ ਬਾਤ' ਦੇ 136ਵੇਂ ਐਪੀਸੋਡ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਰਗਿਲ ਹੀਰੋਜ਼ ਦੀ ਭਾਵਨਾ ਉਸ ਨਵੀਂ ਪੀੜ੍ਹੀ ਨੂੰ ਲਗਾਤਾਰ ਪ੍ਰੇਰਿਤ ਕਰ ਰਹੀ ਹੈ, ਜੋ ਭਾਰਤ ਨੂੰ ਆਤਮਨਿਰਭਰਤਾ ਅਤੇ ਗਲੋਬਲ ਲੀਡਰਸ਼ਿਪ ਵੱਲ ਲੈ ਕੇ ਜਾ ਰਹੀ ਹੈ।26 ਜੁਲਾਈ ਦੇ ਮਹੱਤਵ ਨੂੰ ਯਾਦ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਝ ਤਾਰੀਖਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਯਾਦ ਰੱਖਣ ਲਈ ਕਿਸੇ ਕੈਲੰਡਰ ਦੀ ਲੋੜ ਨਹੀਂ ਪੈਂਦੀ ਅਤੇ ਕਾਰਗਿਲ ਵਿਜੇ ਦਿਵਸ ਵੀ ਅਜਿਹਾ ਹੀ ਖਾਸ ਮੌਕਾ ਹੈ। ਉਨ੍ਹਾਂ ਨੇ ਉਨ੍ਹਾਂ ਸਾਰੇ ਬਹਾਦਰ ਸ਼ਹੀਦਾਂ ਅਤੇ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ ਜਿਨ੍ਹਾਂ ਨੇ ਕਾਰਗਿਲ ਸੰਘਰਸ਼ ਦੌਰਾਨ ਦੇਸ਼ ਦੀ ਪ੍ਰਭੂਸੱਤਾ ਦੀ ਰੱਖਿਆ ਕੀਤੀ ਸੀ।

ਮੋਦੀ ਨੇ ਕਿਹਾ, 'ਇਹ ਦਿਨ ਸਾਨੂੰ ਸਾਡੇ ਬਹਾਦਰ ਸੈਨਿਕਾਂ ਦੀ ਅਸਾਧਾਰਨ ਹਿੰਮਤ ਦੀ ਯਾਦ ਦਿਵਾਉਂਦਾ ਹੈ। ਕਾਰਗਿਲ ਦੀਆਂ ਉੱਚੀਆਂ ਚੋਟੀਆਂ, ਖ਼ਰਾਬ ਮੌਸਮ ਅਤੇ ਦੁਸ਼ਮਣ ਵੱਲੋਂ ਖੜ੍ਹੀਆਂ ਕੀਤੀਆਂ ਗਈਆਂ ਚੁਣੌਤੀਆਂ—ਸਾਡੇ ਸੈਨਿਕਾਂ ਨੇ ਹਰ ਹਾਲਾਤ ਦਾ ਸਾਹਮਣਾ ਕੀਤਾ, ਫਿਰ ਵੀ ਉਨ੍ਹਾਂ ਦਾ ਹੌਸਲਾ ਹਰ ਚੁਣੌਤੀ ਤੋਂ ਵੱਡਾ ਸੀ।'

**'ਸ਼ੌਰਿਆ ਵਿਜੇ ਯਾਤਰਾ' ਅਤੇ ਰੱਖਿਆ ਖੇਤਰ ਵਿੱਚ ਤਰੱਕੀ**

ਪ੍ਰਧਾਨ ਮੰਤਰੀ ਨੇ ਦੱਸਿਆ ਕਿ ਇਸ ਸਾਲ ਇੱਕ ਖਾਸ 'ਸ਼ੌਰਿਆ ਵਿਜੇ ਯਾਤਰਾ' ਕੱਢੀ ਗਈ ਹੈ। ਇਹ ਮੋਟਰਸਾਈਕਲ ਰੈਲੀ 14 ਜੁਲਾਈ ਨੂੰ ਨਵੀਂ ਦਿੱਲੀ ਦੇ ਨੈਸ਼ਨਲ ਵਾਰ ਮੈਮੋਰੀਅਲ ਤੋਂ ਸ਼ੁਰੂ ਹੋਈ ਸੀ ਅਤੇ ਦੇਸ਼ ਦੇ ਬਹਾਦਰਾਂ ਦੀਆਂ ਕੁਰਬਾਨੀਆਂ ਨੂੰ ਸਤਿਕਾਰ ਦਿੰਦਿਆਂ ਦ੍ਰਾਸ ਦੇ ਕਾਰਗਿਲ ਵਾਰ ਮੈਮੋਰੀਅਲ ਵਿਖੇ ਸਮਾਪਤ ਹੋਵੇਗੀ।

ਭਾਰਤ ਦੀ ਵਧ ਰਹੀ ਰੱਖਿਆ ਸਮਰੱਥਾ 'ਤੇ ਜ਼ੋਰ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀ ਜਲ ਸੈਨਾ ਵਿੱਚ 'ਆਈ.ਐਨ.ਐਸ. ਮਹਿੰਦਰਗਿਰੀ' ਦਾ ਸ਼ਾਮਲ ਹੋਣਾ ਕੌਮੀ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਇਕ ਹੋਰ ਮੀਲ ਪੱਥਰ ਹੈ। ਉਨ੍ਹਾਂ ਦੱਸਿਆ ਕਿ ਭਾਰਤ ਰੱਖਿਆ ਉਤਪਾਦਨ, ਰੱਖਿਆ ਨਿਰਯਾਤ ਅਤੇ ਦੋਸਤ ਦੇਸ਼ਾਂ ਨਾਲ ਰਣਨੀਤਕ ਸਹਿਯੋਗ ਦੇ ਖੇਤਰ ਵਿੱਚ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ।

ਇੰਡੋਨੇਸ਼ੀਆ ਦੀ ਆਪਣੀ ਹਾਲੀਆ ਯਾਤਰਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਬ੍ਰਹਮੋਸ ਅਤੇ ਅਸਤ੍ਰ ਮਿਜ਼ਾਈਲ ਪ੍ਰਣਾਲੀਆਂ ਬਾਰੇ ਇਕ ਵੱਡਾ ਸਮਝੌਤਾ ਹੋਇਆ ਹੈ, ਜੋ ਵਿਸ਼ਵ ਪੱਧਰ 'ਤੇ ਭਾਰਤ ਦੀ ਇਕ ਭਰੋਸੇਮੰਦ ਰੱਖਿਆ ਭਾਈਵਾਲ ਵਜੋਂ ਵਧ ਰਹੀ ਭੂਮਿਕਾ ਨੂੰ ਦਰਸਾਉਂਦਾ ਹੈ।

**ਪੁਲਾੜ ਖੇਤਰ ਵਿੱਚ ਇਤਿਹਾਸਕ ਪ੍ਰਾਪਤੀ**

ਪੁਲਾੜ ਖੇਤਰ ਵਿੱਚ ਭਾਰਤ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੇ ਪਹਿਲੇ ਪ੍ਰਾਈਵੇਟ ਤੌਰ 'ਤੇ ਵਿਕਸਤ ਕੀਤੇ ਗਏ ਰਾਕੇਟ 'ਵਿਕਰਮ-1' ਦੇ ਸਫਲ ਪ੍ਰੀਖਣ ਤੋਂ ਬਾਅਦ ਹਰ ਭਾਰਤੀ ਮਾਣ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਇਸ ਪ੍ਰਾਪਤੀ ਨੂੰ ਇਕ ਇਤਿਹਾਸਕ ਪਲ ਦੱਸਿਆ, ਜਿਸ ਨੂੰ ਦੇਸ਼ ਦੇ ਨੌਜਵਾਨ ਇਨੋਵੇਟਰਾਂ ਨੇ ਸੱਚ ਕਰ ਦਿਖਾਇਆ ਹੈ।

ਪ੍ਰਧਾਨ ਮੰਤਰੀ ਨੇ ਇਸ ਮਹੀਨੇ ਭੌਤਿਕ ਵਿਗਿਆਨ , ਰਸਾਇਣ ਵਿਗਿਆਨ , ਜੀਵ ਵਿਗਿਆਨ ਅਤੇ ਗਣਿਤ ਵਿੱਚ ਹੋਈਆਂ ਅੰਤਰਰਾਸ਼ਟਰੀ ਸਾਇੰਸ ਓਲੰਪਿਆਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਵੀ ਪ੍ਰਸ਼ੰਸਾ ਕੀਤੀ।

**ਪਾਣੀ ਦੀ ਸੰਭਾਲ, ਖੇਡਾਂ ਅਤੇ ਸੱਭਿਆਚਾਰਕ ਵਿਰਸਾ**

ਪਾਣੀ ਦੀ ਸੰਭਾਲ: ਪ੍ਰਧਾਨ ਮੰਤਰੀ ਨੇ 4 ਜੁਲਾਈ ਤੋਂ ਚੱਲ ਰਹੀ 'ਕੈਚ ਦਾ ਰੇਨ' ਮੁਹਿੰਮ ਦੀ ਮਹੱਤਤਾ ਨੂੰ ਦੁਹਰਾਇਆ। ਉਨ੍ਹਾਂ ਪਿੰਡਾਂ, ਸ਼ਹਿਰਾਂ, ਪੰਚਾਇਤਾਂ ਅਤੇ ਸਮਾਜਿਕ ਸੰਸਥਾਵਾਂ ਦੇ ਲੋਕਾਂ ਵੱਲੋਂ ਮਿਲ ਰਹੇ ਭਰਵੇਂ ਹੁੰਗਾਰੇ 'ਤੇ ਖ਼ੁਸ਼ੀ ਜ਼ਾਹਰ ਕੀਤੀ।

ਖੇਡਾਂ: ਪ੍ਰਧਾਨ ਮੰਤਰੀ ਨੇ ਗਲਾਸਗੋ ਵਿੱਚ ਹੋਣ ਵਾਲੀਆਂ ਕਾਮਨਵੈਲਥ ਗੇਮਜ਼ ਵਿੱਚ ਹਿੱਸਾ ਲੈਣ ਜਾ ਰਹੇ ਭਾਰਤੀ ਦਲ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਦੇ ਨਾਲ ਹੀ ਉਨ੍ਹਾਂ ਬੈਡਮਿੰਟਨ ਸਟਾਰ ਪੀ.ਵੀ. ਸਿੰਧੂ ਨੂੰ ਵੱਕਾਰੀ ਜਾਪਾਨ ਓਪਨ ਖ਼ਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਬਣਨ 'ਤੇ ਵਧਾਈ ਦਿੱਤੀ।ਸੱਭਿਆਚਾਰਕ ਵਿਰਸਾ: ਭਾਰਤ ਦੇ ਸੱਭਿਆਚਾਰਕ ਵਿਰਸੇ ਨੂੰ ਸਾਂਭਣ ਬਾਰੇ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਕਸ਼ਮੀਰ ਦੀ ਰਵਾਇਤੀ 'ਵਗੂ' ਚਟਾਈ ਵੱਲ ਧਿਆਨ ਖਿੱਚਿਆ, ਜੋ ਸਰਕੜੇ ਅਤੇ ਧਾਨ ਦੀ ਪਰਾਲੀ ਤੋਂ ਬੁਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਪੁਰਾਤਨ ਸ਼ਿਲਪ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਸਥਾਨਕ ਕਾਰੀਗਰਾਂ ਦੇ ਸਮਰਪਣ ਨੂੰ ਦਰਸਾਉਂਦੇ ਹਨ।

# ਪ੍ਰਹਿਲਾਦ ਜੋਸ਼ੀ ਨੇ ਸੰਭਾਲਿਆ ਸਿੱਖਿਆ ਮੰਤਰੀ ਦਾ ਅਹੁਦਾ



ਨਵੀਂ ਦਿੱਲੀ, 26 ਜੁਲਾਈ (ਪ੍ਰਤੀਨਿਧੀ) : ਨਵੇਂ ਨਿਯੁਕਤ ਕੇਂਦਰੀ ਸਿੱਖਿਆ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਅਹੁਦਾ ਸੰਭਾਲ ਲਿਆ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ।

ਧਰਮੇਂਦਰ ਪ੍ਰਧਾਨ ਦੇ ਸ਼ਨੀਵਾਰ ਨੂੰ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਜੋਸ਼ੀ ਨੂੰ ਸਿੱਖਿਆ ਮੰਤਰੀ ਨਿਯੁਕਤ ਕੀਤਾ ਗਿਆ। ਜੋਸ਼ੀ ਨੂੰ ਸਿੱਖਿਆ ਮੰਤਰਾਲਾ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ। ਉਹ ਉਪਭੋਗਤਾ ਮਾਮਲਿਆਂ ਦੇ ਮੰਤਰੀ ਹਨ।

ਰਾਸ਼ਟਰੀ ਯੋਗਤਾ ਸਹਿ ਪ੍ਰਵੇਸ਼ ਪ੍ਰੀਖਿਆ (ਨੀਟ) ਦੇ ਪੇਪਰ ਲੀਕ ਹੋਣ ਖ਼ਿਲਾਫ਼ ਦੇਸ਼ ਭਰ 'ਚ ਕਾਕਰੋਚ ਜਨਤਾ ਪਾਰਟੀ ਸੀਜੇਪੀ) ਦੀ ਅਗਵਾਈ 'ਚ ਵਿਦਿਆਰਥੀਆਂ ਨੇ ਵਿਰੋਧ ਪ੍ਰਦਰਸ਼ਨ ਕੀਤੇ।

ਪ੍ਰਦਰਸ਼ਨਾਂ ਵਿਚਾਲੇ, ਪ੍ਰਧਾਨ ਨੇ ਸ਼ਨੀਵਾਰ ਨੂੰ ਅਹੁਦੇ ਤੋਂ ਅਤਸੀਫ਼ਾ ਦੇ ਦਿੱਤਾ। ਪ੍ਰਧਾਨ ਨੇ ਆਪਣੇ ਅਸਤੀਫ਼ੇ 'ਚ ਕਿਹਾ ਕਿ ਇਹ ਉਨ੍ਹਾਂ ਲਈ ਨਿੱਜੀ ਪ੍ਰਤਿਸ਼ਠਾ ਦਾ ਵਿਸ਼ਾ ਨਹੀਂ ਹੈ ਅਤੇ ਪਿਛਲੇ 10 ਦਿਨਾਂ ਦੌਰਾਨ ਹੋਈਆਂ ਘਟਨਾਵਾਂ ਤੋਂ ਉਹ ਦੁਖੀ ਹਨ।

### ਰਾਹੁਲ ਗਾਂਧੀ ਨੇ ਅਮਿਤ ਸ਼ਾਹ ਨੂੰ ਲਿਖਿਆ ਪੱਤਰ !

# ਵਿਦਿਆਰਥੀਆਂ ਤੇ ਹੋਈ ਪੁਲਿਸ ਕਾਰਵਾਈ ਤੇ ਮੰਗਿਆ ਜਵਾਬ

ਨਵੀਂ ਦਿੱਲੀ, 26 ਜੁਲਾਈ (ਪ੍ਰਤੀਨਿਧੀ): ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ 20 ਜੁਲਾਈ ਨੂੰ ਦਿੱਲੀ 'ਚ ਸ਼ਾਂਤਮਈ ਵਿਦਿਆਰਥੀ ਵਿਰੋਧ ਪ੍ਰਦਰਸ਼ਨ ਦੌਰਾਨ ਕੀਤੀ ਗਈ ਪੁਲਿਸ ਕਾਰਵਾਈ ਲਈ ਜਵਾਬਦੇਹੀ ਤੈਅ ਕਰਨ ਦੀ ਮੰਗ ਕੀਤੀ ਹੈ। ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਸਿੱਖਿਆ ਪ੍ਰਣਾਲੀ 'ਚ ਸੁਧਾਰਾਂ ਦੀ ਮੰਗ ਕਰ ਰਹੇ ਵਿਦਿਆਰਥੀਆਂ ਵਿਰੁੱਧ ਪੈਲੇਟ ਗਨ ਦਾ ਇਸਤੇਮਾਲ ਕੀਤਾ, ਹੰਝੂ ਗੈਸ ਛੱਡੀ ਗਈ ਅਤੇ ਲਾਠੀਚਾਰਜ ਕੀਤਾ ਗਿਆ।



ਰਾਹੁਲ ਗਾਂਧੀ ਨੇ ਪੱਤਰ 'ਚ ਲਿਖਿਆ ਕਿ ਵਿਦਿਆਰਥੀ ਇਕ ਨਿਰਪੱਖ ਅਤੇ ਜਵਾਬਦੇਹ ਸਿੱਖਿਆ ਪ੍ਰਣਾਲੀ ਦੀ ਮੰਗ ਕਰ ਰਹੇ ਸਨ, ਪਰ ਉਨ੍ਹਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ 'ਤੇ ਅੰਨ੍ਹੇਵਾਹ ਜ਼ੋਰ ਦੀ ਵਰਤੋਂ ਕੀਤੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਕਾਰਵਾਈ 'ਚ ਸੈਂਕੜੇ ਵਿਦਿਆਰਥੀ ਜ਼ਖਮੀ ਹੋਏ ਹਨ ਅਤੇ ਵਿਦਿਆਰਥਣਾਂ ਨਾਲ ਵੀ ਦੁਰਵਿਵਹਾਰ ਕੀਤਾ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਨੇ ਵਿਸ਼ੇਸ਼ ਤੌਰ 'ਤੇ ਪੈਲੇਟ ਗਨ ਦੀ ਵਰਤੋਂ 'ਤੇ ਸਵਾਲ ਚੁੱਕਦੇ ਹੋਏ ਲਿਖਿਆ ਕਿ ਮੀਡੀਆ ਅਤੇ ਸੋਸ਼ਲ ਮੀਡੀਆ 'ਚ ਦਿਖਾਈ ਦੇਣ ਵਾਲੀਆਂ ਤਸਵੀਰਾਂ ਗੰਭੀਰ ਸੱਟਾਂ ਨੂੰ ਦਰਸਾਉਂਦੀਆਂ ਹਨ।

ਉਨ੍ਹਾਂ ਨੇ ਹਰਿਆਣਾ ਦੇ 19 ਸਾਲਾ ਵਿਦਿਆਰਥੀ ਸਾਹਿਲ ਲੋਚਬ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਹ ਪੈਲੇਟ ਗਨ ਨਾਲ ਜ਼ਖ਼ਮੀ ਹੋਇਆ ਹੈ ਅਤੇ ਉਸ ਦੀ ਇਕ ਅੱਖ ਦੀ ਰੋਸ਼ਨੀ ਜਾਣ ਦਾ ਖਤਰਾ ਹੈ। ਉਨ੍ਹਾਂ ਨੇ ਗ੍ਰਹਿ ਮੰਤਰੀ ਤੋਂ ਦੋ ਸਿੱਧੇ ਸਵਾਲ ਪੁੱਛੇ, 'ਕੀ ਤੁਸੀਂ ਵਿਦਿਆਰਥੀਆਂ ਵਿਰੁੱਧ ਪੈਲੇਟ ਗਨ ਸਮੇਤ ਘਾਤਕ ਤਾਕਤ ਦੀ ਵਰਤੋਂ ਦੀ ਮਨਜ਼ੂਰੀ ਦਿੱਤੀ ਸੀ ? ਜੇ ਨਹੀਂ, ਤਾਂ ਹੁਕਮ ਕਿਸ ਨੇ ਦਿੱਤਾ ?' 'ਸਾਦੇ ਕੱਪੜਿਆਂ 'ਚ ਉਹ ਲੋਕ ਕੌਣ ਸਨ ਜੋ ਵਿਦਿਆਰਥੀਆਂ ਨੂੰ ਡੰਡਿਆਂ ਨਾਲ ਕੁੱਟਦੇ ਵੇਖੇ ਗਏ ਸਨ ? ਕੀ ਉਹ ਪੁਲਿਸ ਮੁਲਾਜ਼ਮ ਸਨ ਜਾਂ ਵਲੰਟੀਅਰ ? ਉਨ੍ਹਾਂ ਨੂੰ ਕਿਸ ਦੇ ਹੁਕਮਾਂ 'ਤੇ ਤਾਇਨਾਤ ਕੀਤਾ ਗਿਆ ਸੀ ?' ਕਾਂਗਰਸ ਨੇਤਾ ਨੇ ਕਿਹਾ ਕਿ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਲੋਕਤੰਤਰ ਦਾ ਮੌਲਿਕ ਅਧਿਕਾਰ ਹੈ ਅਤੇ ਸਰਕਾਰ ਦੀ ਜ਼ਿੰਮੇਵਾਰੀ ਪ੍ਰਦਰਸ਼ਨਕਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਗੱਲਬਾਤ ਰਾਹੀਂ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਹਿੰਸਾ ਨੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚਾਈ ਹੈ ਅਤੇ ਦੇਸ਼ ਦੇ ਨੌਜਵਾਨ ਜਵਾਬਦੇਹੀ ਦੀ ਮੰਗ ਕਰਦੇ ਹਨ।

## ਪਾਣੀ ਨਾਲ ਭਰੇ ਖੱਡੇ 'ਚ ਡਿੱਗਣ ਕਾਰਨ 6 ਸਾਲਾ ਮਾਸੂਮ ਦੀ ਮੌਤ

ਨਵੀਂ ਦਿੱਲੀ, 26 ਜੁਲਾਈ (ਪ੍ਰਤੀਨਿਧੀ) : ਗ੍ਰੇਟਰ ਨੋਇਡਾ ਦੀ ਇੱਕ ਰਿਹਾਇਸ਼ੀ ਕਾਲੋਨੀ ਵਿੱਚ ਬੋਰਿੰਗ ਦੇ ਕੰਮ ਲਈ ਪੁੱਟੇ ਗਏ ਪਾਣੀ ਨਾਲ ਭਰੇ ਖੱਡੇ ਵਿੱਚ ਅਚਾਨਕ ਡਿੱਗਣ ਕਾਰਨ ਇੱਕ 6 ਸਾਲਾ ਮਾਸੂਮ ਬੱਚੇ ਦੀ ਡੁੱਬਣ ਨਾਲ ਦਰਦਨਾਕ ਮੌਤ ਹੋ ਗਈ।

ਪੁਲਿਸ ਨੇ ਐਤਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਾਦਸਾ ਸ਼ਨੀਵਾਰ ਸ਼ਾਮ ਕਰੀਬ 7 ਵਜੇ ਕਾਲਾਧਾਮ ਕਾਲੋਨੀ 'ਚ ਉਸ ਸਮੇਂ ਵਾਪਰਿਆ, ਜਦੋਂ ਬੱਚਾ ਹੋਰ ਬੱਚਿਆਂ ਨਾਲ ਖੱਡੇ ਦੇ ਨੇੜੇ ਖੇਡ ਰਿਹਾ ਸੀ।ਪੁਲਿਸ ਮੁਤਾਬਕ ਖੇਡਦੇ ਸਮੇਂ ਬੱਚਾ ਅਚਾਨਕ ਖੱਡੇ 'ਚ ਜਾ ਡਿੱਗਿਆ। ਪਰਿਵਾਰਕ ਮੈਂਬਰਾਂ ਨੇ ਤੁਰੰਤ ਉਸ ਨੂੰ ਬਾਹਰ ਕੱਢਿਆ ਅਤੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਸ਼ੁਰੂਆਤੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਪਰੇਸ਼ਨ ਸਿੰਦੂਰ ਨੇ ਭਾਰਤ ਦਾ ਸੰਕਲਪ ਦਿਖਾਇਆ, ਪਾਕਿਸਤਾਨ ਨਾਲ ਗੱਲਬਾਤ ਸਿਰ.ਫ ਪੀਓਕੇ ਤੇ ਹੋਵੇਗੀ : ਰਾਜਨਾਥ ਸਿੰਘ

ਦਰਾਸ, 26 ਜੁਲਾਈ (ਪ੍ਰਤੀਨਿਧੀ) : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਨੂੰ ਕਿਹਾ ਕਿ 'ਆਪਰੇਸ਼ਨ ਸਿੰਦੂਰ' ਨੇ ਇਹ ਦਿਖਾਇਆ ਹੈ ਕਿ ਅੱਤਵਾਦ ਰਾਹੀਂ ਭਾਰਤ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦਾ ਕੀ ਹਾਲ ਹੋਵੇਗਾ। ਸਿੰਘ ਨੇ ਇਹ ਵੀ ਕਿਹਾ ਕਿ ਭਾਰਤ ਪਾਕਿਸਤਾਨ ਦੇ ਹਰ ਕਾਇਰਾਨਾ ਹਰਕਤ ਦਾ ਜਵਾਬ ਇਸ ਤਰੀਕੇ ਨਾਲ ਦੇਣ ਦੇ ਸਮਰੱਥ ਹੈ ਜੋ 'ਉਸ ਦੀ ਕਲਪਨਾ ਤੋਂ ਵੀ ਪਰੇ' ਹੈ।



ਸਿੰਘ ਨੇ ਕਾਰਗਿਲ ਵਿਜੇ ਦਿਵਸ ਦੀ 27ਵੀਂ ਵਰ੍ਹੇਗੰਢ 'ਤੇ ਕਾਰਗਿਲ ਯੁੱਧ ਸਮਾਰਕ ਵਿਖੇ ਇਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਾਕਿਸਤਾਨ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਸ ਨੇ ਅੱਤਵਾਦ ਨੂੰ 'ਆਪਣੀ ਸਰਕਾਰੀ ਨੀਤੀ ਦਾ ਹਿੱਸਾ' ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਤੋਂ ਇਲਾਵਾ ਕਿਸੇ ਹੋਰ ਮੁੱਦੇ 'ਤੇ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ, ਜੋ ਕਿ 'ਭਾਰਤ ਦਾ ਇਕ ਅਨਿੱਖੜਵਾਂ ਅੰਗ ਹੈ, ਜਿਸ 'ਤੇ ਪਾਕਿਸਤਾਨ ਨੇ ਗੈਰ-ਕਾਨੂੰਨੀ ਤੌਰ 'ਤੇ ਕਬਜ਼ਾ ਕਰ ਰੱਖਿਆ ਹੈ।'

ਰੱਖਿਆ ਮੰਤਰੀ ਨੇ 1999 ਦੇ ਕਾਰਗਿਲ ਯੁੱਧ 'ਚ ਭਾਰਤ ਦੀ ਜਿੱਤ ਨੂੰ 'ਭਾਰਤ ਮਾਤਾ ਦੇ ਮੁਕਟ 'ਚ ਜੜ੍ਹਿਆ ਹੀਰਾ' ਦੱਸਿਆ। ਉਨ੍ਹਾਂ ਨੇ 22 ਅਪ੍ਰੈਲ 2025 ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ 'ਚ ਮਈ 2025 'ਚ ਸ਼ੁਰੂ ਕੀਤੇ ਗਏ ਆਪਰੇਸ਼ਨ ਸਿੰਦੂਰ ਦਾ ਜ਼ਿਕਰ ਦਿੱਤਾ। ਉਨ੍ਹਾਂ ਕਿਹਾ ਕਿ 'ਆਪਰੇਸ਼ਨ ਸਿੰਦੂਰ' ਦੇ ਤਹਿਤ, ਭਾਰਤੀ ਹਥਿਆਰਬੰਦ ਬਲਾਂ ਨੇ ਅੱਤਵਾਦ ਦੇ ਮਾਸਟਰਮਾਈਂਡਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਸਖ਼ਤ ਝਟਕਾ ਦਿੱਤਾ। ਸਿੰਘ ਨੇ ਕਿਹਾ, 'ਆਪਰੇਸ਼ਨ ਸਿੰਦੂਰ ਨੇ ਦਿਖਾਇਆ ਹੈ ਕਿ ਅੱਤਵਾਦ ਰਾਹੀਂ ਭਾਰਤ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨਾਲ ਕੀ ਹੋਵੇਗਾ।' ਉਨ੍ਹਾਂ ਕਿਹਾ ਕਿ ਭਾਰਤ ਅਤੇ ਉਸ ਦੀਆਂ ਹਥਿਆਰਬੰਦ ਸੈਨਾਵਾਂ ਪਾਕਿਸਤਾਨ ਦੀ ਹਰ ਕਾਇਰਾਨਾ ਹਰਕਤ ਦਾ ਅਜਿਹੇ ਤਰੀਕੇ ਨਾਲ ਦੇਣ 'ਚ ਸਮਰੱਥ ਹੈ, ਜੋ ਉਸ ਦੀ 'ਕਲਪਨਾ ਤੋਂ ਵੀ ਪਰੇ' ਹੈ। ਉਨ੍ਹਾਂ ਕਿਹਾ, 'ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਕੀਤੀ ਗਈ ਕੋਈ ਵੀ ਮੰਦਭਾਗੀ ਕਾਰਵਾਈ ਦਾ ਵੀ ਇਹੀ ਹਾਲ ਹੋਵੇਗਾ।' ਰੱਖਿਆ ਮੰਤਰੀ ਨੇ ਕਿਹਾ ਕਿ ਜਦੋਂ ਭਾਰਤ ਜਹਾਜ਼ਾਂ ਨੂੰ ਡਿਜ਼ਾਈਨ ਕਰਨ 'ਚ ਰੁੱਝਿਆ ਹੋਇਆ ਹੈ, ਤਾਂ ਪਾਕਿਸਤਾਨ ਅੱਤਵਾਦ ਨੂੰ ਤਿਆਰ ਕਰਨ 'ਚ ਰੁੱਝਿਆ ਹੋਇਆ ਹੈ।

ਉਨ੍ਹਾਂ ਕਿਹਾ, 'ਜਦੋਂ ਅਸੀਂ ਨਵੀਨਤਾ ਦੇ ਨਵੇਂ ਰਸਤੇ ਲੱਭ ਰਹੇ ਹਾਂ, ਤਾਂ ਪਾਕਿਸਤਾਨ ਘੁਸਪੈਠ ਦੇ ਨਵੇਂ ਤਰੀਕੇ ਲੱਭਣ 'ਚ ਰੁੱਝਿਆ ਹੋਇਆ ਹੈ।' ਕਾਰਗਿਲ ਵਿਜੇ ਦਿਵਸ ਭਾਰਤ ਦੇ 'ਆਪਰੇਸ਼ਨ ਵਿਜੇ' ਦੀ ਸਫਲਤਾ ਦੀ ਯਾਦ 'ਚ ਮਨਾਇਆ ਜਾਂਦਾ ਹੈ। ਇਹ ਪਾਕਿਸਤਾਨੀ ਘੁਸਪੈਠ ਤੋਂ ਬਾਅਦ ਕਾਰਗਿਲ ਦੀਆਂ ਰਣਨੀਤਕ ਉਚਾਈਆਂ 'ਤੇ ਮੁੜ ਕਬਜ਼ਾ ਕਰਨ ਲਈ ਸ਼ੁਰੂ ਕੀਤਾ ਗਿਆ ਫੌਜੀ ਆਪਰੇਸ਼ਨ ਸੀ ਅਤੇ ਜਿਸ ਦਾ ਸਫ਼ਲ ਸਮਾਪਨ 1999 'ਚ ਅੱਜ ਦੇ ਦਿਨ ਹੋਇਆ ਸੀ।

## ਜੰਤਰ-ਮੰਤਰ 'ਤੇ ਸੀਜੇਪੀਦਾ ਧਰਨਾ ਖ਼ਤਮ; ਦਿੱਲੀ ਮੈਟਰੋ ਦੀਆਂ ਸਾਰੀਆਂ ਲਾਈਨਾਂ ਬਹਾਲ

ਨਵੀਂ ਦਿੱਲੀ, 26 ਜੁਲਾਈ (ਪ੍ਰਤੀਨਿਧੀ) : ਕੌਕਰੋਚ ਜਨਤਾ ਪਾਰਟੀ (ਸੀਜੇਪੀ) ਵੱਲੋਂ ਜੰਤਰ-ਮੰਤਰ 'ਤੇ ਚੱਲ ਰਿਹਾ ਆਪਣਾ ਪ੍ਰਦਰਸ਼ਨ ਵਾਪਸ ਲੈਣ ਦੇ ਐਲਾਨ ਤੋਂ ਬਾਅਦ ਐਤਵਾਰ ਨੂੰ ਦਿੱਲੀ ਮੈਟਰੋ ਨੈੱਟਵਰਕ ਦੇ ਸਾਰੇ ਸਟੇਸ਼ਨ ਆਮ ਯਾਤਰੀ ਸੇਵਾਵਾਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਗਏ ਹਨ। ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ (ਡੀਐਮਆਰਸੀ) ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਕੇ ਪੁਸ਼ਟੀ ਕੀਤੀ ਹੈ ਕਿ ਹੁਣ ਸਾਰੇ ਸਟੇਸ਼ਨਾਂ ਦੇ ਐਂਟਰੀ ਅਤੇ ਐਗਜ਼ਿਟ ਗੇਟ ਯਾਤਰੀਆਂ ਲਈ ਖੋਲ੍ਹ ਦਿੱਤੇ ਗਏ ਹਨ।



ਜ਼ਿਕਰਯੋਗ ਹੈ ਕਿ ਪ੍ਰਦਰਸ਼ਨ ਦੇ ਮੱਦੇਨਜ਼ਰ ਰਾਜੀਵ ਚੌਂਕ, ਸੈਂਟਰਲ ਸਕੱਤਰੇਤ, ਮੰਡੀ ਹਾਊਸ, ਆਈ.ਟੀ.ਓ., ਨਵੀਂ ਦਿੱਲੀ, ਪਟੇਲ ਚੌਂਕ, ਖ਼ਾਨ ਮਾਰਕੀਟ ਅਤੇ ਸੁਪਰੀਮ ਕੋਰਟ ਵਰਗੇ 18 ਮਹੱਤਵਪੂਰਨ ਸਟੇਸ਼ਨ ਬੰਦ ਰੱਖੇ ਗਏ ਸਨ, ਜਿਸ ਨਾਲ ਦਿਹਾੜੀਦਾਰਾਂ ਅਤੇ ਮੁਲਾਜ਼ਮਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਧਰਨਾ ਖ਼ਤਮ ਹੋਣ ਦੇ ਅਧਿਕਾਰਤ ਐਲਾਨ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਕੇਂਦਰੀ ਦਿੱਲੀ ਦੇ ਸਟੇਸ਼ਨਾਂ ਤੋਂ ਬੈਰੀਕੇਡ ਹਟਾ ਲਏ ਹਨ। ਇਸ ਤੋਂ ਇਲਾਵਾ, ਨੀਟ-ਯੂਜੀਪ੍ਰੀਖਿਆ 'ਚ ਹੋਈਆਂ ਗੜਬੜੀਆਂ ਖ਼ਿਲਾਫ਼ ਚੱਲ ਰਹੇ ਇਸ ਨੌਜਵਾਨ ਅੰਦੋਲਨ ਦੌਰਾਨ ਜੰਤਰ-ਮੰਤਰ ਅਤੇ ਆਸ-ਪਾਸ ਦੇ ਇਲਾਕਿਆਂ 'ਚ ਲਗਾਈਆਂ ਗਈਆਂ ਮੋਬਾਈਲ ਇੰਟਰਨੈੱਟ ਪਾਬੰਦੀਆਂ ਵੀ ਹਟਾ ਦਿੱਤੀਆਂ ਗਈਆਂ ਹਨ। ਦੱਸਣਯੋਗ ਹੈ ਕਿ ਨੀਟ ਮੁੱਦੇ 'ਤੇ ਸੀ.ਜੇ.ਪੀ. ਦੇ ਧਰਨੇ ਤੋਂ ਇਲਾਵਾ ਸੋਨਮ ਵਾਂਗਚੁਕ ਵੀ 26 ਦਿਨਾਂ ਦੀ ਭੁੱਖ ਹੜਤਾਲ 'ਤੇ ਸਨ। ਸਰਕਾਰ ਨੇ ਪੀੜਤ ਨੀਟ ਪ੍ਰੀਖਿਆਰਥੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਅਤੇ ਦੇਸ਼ ਭਰ 'ਚ ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਦਰਜ ਐਫ.ਆਈ.ਆਰ. ਵਾਪਸ ਲੈਣ 'ਤੇ ਸਹਿਮਤੀ ਪ੍ਰਗਟਾਈ ਹੈ।

### 'ਇਹ ਤਾਂ ਸਿਰ.ਫ ਇੱਕ ਸ਼ੁਰੂਆਤ ਹੈ'

# 37 ਦਿਨਾਂ ਦੇ ਅੰਦੋਲਨ ਤੋਂ ਬਾਅਦ ਸੀਜੇਪੀਸੰਸਥਾਪਕ ਅਭਿਜੀਤ ਦੀਪਕੇ ਨੇ ਸਮਰਥਕਾਂ ਦਾ ਕੀਤਾ ਧੰਨਵਾਦ

ਨਵੀਂ ਦਿੱਲੀ, 26 ਜੁਲਾਈ (ਪ੍ਰਤੀਨਿਧੀ) : ਕੌਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਐਤਵਾਰ ਨੂੰ 37 ਦਿਨਾਂ ਤੱਕ ਚੱਲੇ ਅੰਦੋਲਨ ਨੂੰ ਮਿਲੇ ਭਰਵੇਂ ਸਮਰਥਨ ਲਈ ਦੇਸ਼ ਭਰ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਨਤਾ ਦੇ ਵਿਸ਼ਵਾਸ ਬਦੌਲਤ ਹੀ 'ਨੌਜਵਾਨਾਂ ਦੀ ਇਹ ਵੱਡੀ ਜਿੱਤ' ਸੰਭਵ ਹੋ ਸਕੀ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਵੀਡੀਓ ਸੰਦੇਸ਼ ਸਾਂਝਾ ਕਰਦਿਆਂ ਦੀਪਕੇ ਨੇ ਮੰਨਿਆ ਕਿ ਇਹ ਲੰਬਾ ਸੰਘਰਸ਼ ਪੂਰੀ ਟੀਮ ਲਈ ਬਹੁਤ ਮੁਸ਼ਕਲ ਸੀ, ਪਰ ਮੁਹਿੰਮ ਨਾਲ ਡਟੇ ਰਹਿਣ ਵਾਲੇ ਸਾਰੇ ਲੋਕਾਂ ਦਾ ਉਹ ਤਹਿ ਦਿਲੋਂ ਧੰਨਵਾਦ ਕਰਦੇ ਹਨ।



ਦੀਪਕੇ ਨੇ ਕਿਹਾ, ਬਹੁਤ ਵਧੀਆ ਮਹਿਸੂਸ ਹੋ ਰਿਹਾ ਹੈ... ਆਖ਼ਰਕਾਰ, ਮੈਂ ਬਿਨਾਂ ਕਿਸੇ ਘਬਰਾਹਟ ਅਤੇ ਚਿੰਤਾ ਦੇ ਸੁਖਾਲੀ ਨੀਂਦ ਲੈ ਸਕਿਆ ਹਾਂ। ਪਿਛਲੇ 37 ਦਿਨਾਂ 'ਚ ਜੋ ਅਸੀਂ ਹੰਢਾਇਆ, ਉਹ ਬਹੁਤ ਔਖਾ ਸੀ। ਉਨ੍ਹਾਂ ਧਰਨਾ ਖ਼ਤਮ ਹੋਣ ਤੋਂ ਬਾਅਦ ਜੰਤਰ-ਮੰਤਰ 'ਚ ਮੌਜੂਦ ਲੋਕਾਂ ਨੂੰ ਨਾ ਮਿਲ ਸਕਣ ਲਈ ਮੁਆਫ਼ੀ ਮੰਗਦਿਆਂ ਦੱਸਿਆ ਕਿ ਉਨ੍ਹਾਂ ਨੂੰ ਟਾਈਫਾਈਡ ਹੋ ਗਿਆ ਸੀ ਅਤੇ ਬੁਖ਼ਾਰ 101 ਡਿਗਰੀ ਤੱਕ ਪਹੁੰਚਣ ਕਾਰਨ ਉਨ੍ਹਾਂ ਨੂੰ ਘਰ ਪਰਤਣਾ ਪਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ 37 ਦਿਨਾਂ ਤੱਕ ਜੰਤਰ-ਮੰਤਰ 'ਤੇ ਡੇਰੇ ਲਾਏ, ਉਨ੍ਹਾਂ ਦਾ ਦੇਸ਼ ਲਈ ਯੋਗਦਾਨ ਬਹੁਤ ਵੱਡਾ ਹੈ। ਇਸ ਦੇ ਨਾਲ ਹੀ ਉਨ੍ਹਾਂ ਆਲੋਚਕਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਵਾਲਾਂ ਨੇ ਅੰਦੋਲਨ ਨੂੰ ਹੋਰ ਬਿਹਤਰ ਬਣਾਉਣ 'ਚ ਮਦਦ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਸੀਜੇਪੀਦੀ ਇਹ ਲੜਾਈ ਇੱਥੇ ਖ਼ਤਮ ਨਹੀਂ ਹੋਈ, ਸਗੋਂ ਇਹ ਇੱਕ ਲੰਬੇ ਸਫ਼ਰ ਦੀ ਸ਼ੁਰੂਆਤ ਹੈ।

ਜ਼ਿਕਰਯੋਗ ਹੈ ਕਿ ਨੀਟ-ਯੂਜੀ ਪ੍ਰੀਖਿਆ ਦੇ ਲੀਕ ਹੋਣ ਖ਼ਿਲਾਫ਼ ਦੇਸ਼ ਵਿਆਪੀ ਰੋਸ ਤੋਂ ਬਾਅਦ ਸ਼ਨੀਵਾਰ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨਾਲ ਇਸ 37 ਦਿਨਾਂ ਅੰਦੋਲਨ ਦਾ ਅੰਤ ਹੋਇਆ। ਕੇਂਦਰੀ ਮੰਤਰੀਆਂ ਜੇ.ਪੀ. ਨੱਡਾ ਅਤੇ ਜਿਤੇਂਦਰ ਸਿੰਘ ਨਾਲ ਹੋਈ ਗੱਲਬਾਤ ਦੌਰਾਨ ਸਰਕਾਰ ਨੇ ਖ਼ੁਦਕੁਸ਼ੀ ਕਰ ਗਏ ਨੀਟ ਪ੍ਰੀਖਿਆਰਥੀਆਂ ਦੇ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਦੇਣ, ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਦਰਜ ਐਫ.ਆਈ.ਆਰ.ਵਾਪਸ ਲੈਣ ਅਤੇ ਪ੍ਰੀਖਿਆ ਪ੍ਰਣਾਲੀ 'ਚ ਸੁਧਾਰਾਂ ਲਈ 5-ਨੁਕਾਤੀ ਮੰਗ ਪੱਤਰ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ ਹੈ, ਜਿਸ ਤੋਂ ਬਾਅਦ ਧਰਨਾ ਚੁੱਕਿਆ ਗਿਆ।

ਇਹ ਅੰਦੋਲਨ ਉਸ ਵੇਲੇ ਹੋਰ ਮਜ਼ਬੂਤ ਹੋ ਗਿਆ ਸੀ ਜਦੋਂ ਸੋਨਮ ਵਾਂਗਚੁਕ ਇਸ 'ਚ ਸ਼ਾਮਲ ਹੋਏ ਅਤੇ 26 ਦਿਨਾਂ ਦੀ ਭੁੱਖ ਹੜਤਾਲ ਕੀਤੀ। ਮੰਗਾਂ ਮੰਨੇ ਜਾਣ ਤੋਂ ਬਾਅਦ ਵਾਂਗਚੁਕ ਨੇ ਇਸ ਨੂੰ 'ਲੋਕਤੰਤਰ ਦੀ ਜਿੱਤ' ਕਰਾਰ ਦਿੱਤਾ। ਦੂਜੇ ਪਾਸੇ, ਸੀਜੇਪੀ ਦੇ ਬੁਲਾਰੇ ਸੌਰਵ ਦਾਸ ਨੇ ਕਿਹਾ, ਇਹ ਤਾਂ ਸਿਰਫ਼ ਇੱਕ ਟਰੇਲਰ ਹੈ, ਫ਼ਿਲਮ ਅਜੇ ਬਾਕੀ ਹੈ। ਦੇਸ਼ ਦਾ ਨੌਜਵਾਨ ਜਾਗ ਚੁੱਕਾ ਹੈ ਅਤੇ ਉਹ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢ ਕੇ ਰਹੇਗਾ। ਪ੍ਰਧਾਨ ਦੇ ਅਸਤੀਫ਼ੇ ਤੋਂ ਬਾਅਦ ਹੁਣ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੂੰ ਸਿੱਖਿਆ ਮੰਤਰਾਲੇ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ।

## ਸੰਪਾਦਕੀ

# ਸਿੱਖਿਆ 'ਤੇ ਭਰੋਸਾ ਮੁੜ ਕਿਵੇਂ ਬਹਾਲ ਹੋਵੇ ?

ਦੇਸ਼ ਦੀ ਸਿੱਖਿਆ ਪ੍ਰਣਾਲੀ ਕਿਸੇ ਵੀ ਰਾਸ਼ਟਰ ਦੇ ਭਵਿੱਖ ਦੀ ਨੀਂਹ ਹੁੰਦੀ ਹੈ। ਜੇਕਰ ਇਸ ਨੀਂਹ ਵਿੱਚ ਹੀ ਦਰਾਰਾਂ ਪੈ ਜਾਣ ਤਾਂ ਨਾ ਸਿਰਫ਼ ਲੱਖਾਂ ਵਿਦਿਆਰਥੀਆਂ ਦੇ ਸੁਪਨੇ ਟੁੱਟਦੇ ਹਨ, ਸਗੋਂ ਦੇਸ਼ ਦਾ ਭਵਿੱਖ ਵੀ ਸਵਾਲਾਂ ਦੇ ਘੇਰੇ ਵਿੱਚ ਆ ਜਾਂਦਾ ਹੈ। 2026 ਦੇ NEET ਪੇਪਰ ਲੀਕ ਵਿਵਾਦ ਤੋਂ ਬਾਅਦ ਉੱਠੇ ਦੇਸ਼-ਵਿਆਪੀ ਵਿਦਿਆਰਥੀ ਅੰਦੋਲਨ ਅਤੇ ਉਸ ਦੇ ਸਿਆਸੀ ਨਤੀਜਿਆਂ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤ ਦੀ ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰਾਂ ਦੀ ਲੋੜ ਹੈ। ਤਾਜ਼ਾ ਘਟਨਾਕ੍ਰਮ ਵਿੱਚ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਅਤੇ ਸਰਕਾਰ ਵੱਲੋਂ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੇ ਭਰੋਸੇ ਨੇ ਇਸ ਮੁੱਦੇ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਇਹ ਮਾਮਲਾ ਕਿਸੇ ਇੱਕ ਮੰਤਰੀ ਜਾਂ ਇੱਕ ਪ੍ਰੀਖਿਆ ਤੱਕ ਸੀਮਤ ਨਹੀਂ ਹੈ। ਸਵਾਲ ਇਹ ਹੈ ਕਿ ਜਦੋਂ ਲੱਖਾਂ ਵਿਦਿਆਰਥੀ ਸਾਲਾਂ ਦੀ ਮਿਹਨਤ, ਮਾਪਿਆਂ ਦੀ ਕਮਾਈ ਅਤੇ ਆਪਣੇ ਭਵਿੱਖ ਦੀ ਆਸ ਇੱਕ ਪ੍ਰੀਖਿਆ ਨਾਲ ਜੋੜਦੇ ਹਨ, ਤਾਂ ਉਸ ਪ੍ਰੀਖਿਆ ਦੀ ਪਵਿੱਤਰਤਾ ਨੂੰ ਕੌਣ ਯਕੀਨੀ ਬਣਾਏਗਾ? ਜੇ ਪੇਪਰ ਲੀਕ, ਨਕਲ ਮਾਫ਼ੀਆ ਅਤੇ ਪ੍ਰਬੰਧਕੀ ਖਾਮੀਆਂ ਵਾਰ-ਵਾਰ ਸਾਹਮਣੇ ਆਉਣ, ਤਾਂ ਵਿਦਿਆਰਥੀਆਂ ਦਾ ਭਰੋਸਾ ਟੁੱਟਣਾ ਸੁਭਾਵਿਕ ਹੈ। ਇਸ ਘਟਨਾ ਨੇ ਇਹ ਵੀ ਦਰਸਾਇਆ ਹੈ ਕਿ ਅੱਜ ਦਾ ਨੌਜਵਾਨ ਸਿਰਫ਼ ਸੋਸ਼ਲ ਮੀਡੀਆ ਤੱਕ ਸੀਮਤ ਨਹੀਂ, ਸਗੋਂ ਆਪਣੇ ਅਧਿਕਾਰਾਂ ਲਈ ਲੋਕਤੰਤਰਿਕ ਢੰਗ ਨਾਲ ਆਵਾਜ਼ ਉਠਾਉਣ ਲਈ ਵੀ ਤਿਆਰ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਹੋਏ ਪ੍ਰਦਰਸ਼ਨਾਂ ਅਤੇ ਇਸ ਮੁੱਦੇ ਨੂੰ ਮਿਲੀ ਅੰਤਰਰਾਸ਼ਟਰੀ ਤਵੱਜੋ ਨੇ ਭਾਰਤ ਦੀ ਸਿੱਖਿਆ ਪ੍ਰਣਾਲੀ ਦੀ ਸਾਖ਼ ਉੱਤੇ ਵੀ ਅਸਰ ਪਾਇਆ ਹੈ। ਪਰ ਕੇਵਲ ਅਸਤੀਫ਼ਾ ਹੀ ਹੱਲ ਨਹੀਂ ਹੋ ਸਕਦਾ। ਜੇ ਪ੍ਰਣਾਲੀ ਉਹੀ ਰਹੇਗੀ, ਤਾਂ ਚਿਹਰੇ ਬਦਲਣ ਨਾਲ ਹਾਲਾਤ ਨਹੀਂ ਬਦਲਣਗੇ। ਲੋੜ ਇਸ ਗੱਲ ਦੀ ਹੈ ਕਿ ਪ੍ਰੀਖਿਆਵਾਂ ਦੀ ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ, ਤਕਨੀਕੀ ਤੌਰ 'ਤੇ ਸੁਰੱਖਿਅਤ ਅਤੇ ਜਵਾਬਦੇਹ ਬਣਾਇਆ ਜਾਵੇ। ਪੇਪਰ ਤਿਆਰ ਕਰਨ ਤੋਂ ਲੈ ਕੇ ਪ੍ਰਿੰਟਿੰਗ, ਆਵਾਜਾਈ ਅਤੇ ਪ੍ਰੀਖਿਆ ਕੇਂਦਰਾਂ ਤੱਕ ਹਰ ਪੜਾਅ ਦੀ ਸੁਤੰਤਰ ਨਿਗਰਾਨੀ ਹੋਣੀ ਚਾਹੀਦੀ ਹੈ। ਜੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਜਾਂ ਭ੍ਰਿਸ਼ਟਾਚਾਰ ਸਾਹਮਣੇ ਆਵੇ ਤਾਂ ਜ਼ਿੰਮੇਵਾਰ ਵਿਅਕਤੀਆਂ ਨੂੰ ਤੁਰੰਤ ਅਤੇ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸਿੱਖਿਆ ਨੂੰ ਰਾਜਨੀਤਿਕ ਦੋਸ਼ਾਰੋਪਣ ਦਾ ਮੈਦਾਨ ਬਣਾਉਣ ਦੀ ਬਜਾਏ ਰਾਸ਼ਟਰੀ ਤਰਜੀਹ ਬਣਾਉਣਾ ਹੋਵੇਗਾ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਪਰ ਵਿਦਿਆਰਥੀਆਂ ਦਾ ਭਵਿੱਖ ਕਿਸੇ ਸਰਕਾਰ ਦੀ ਮਿਆਦ ਨਾਲ ਨਹੀਂ ਜੁੜਿਆ ਹੁੰਦਾ। ਇਸ ਲਈ ਸਾਰੀਆਂ ਸਿਆਸੀ ਧਿਰਾਂ, ਸਿੱਖਿਆ ਮਾਹਿਰਾਂ, ਨਿਆਂਪਾਲਿਕਾ ਅਤੇ ਸਮਾਜ ਨੂੰ ਮਿਲ ਕੇ ਅਜਿਹਾ ਢਾਂਚਾ ਤਿਆਰ ਕਰਨਾ ਹੋਵੇਗਾ ਜਿਸ 'ਤੇ ਹਰ ਵਿਦਿਆਰਥੀ ਅੱਖਾਂ ਬੰਦ ਕਰਕੇ ਭਰੋਸਾ ਕਰ ਸਕੇ। ਅੱਜ ਦੀ ਸਭ ਤੋਂ ਵੱਡੀ ਲੋੜ ਸਿਰਫ਼ ਨਵਾਂ ਸਿੱਖਿਆ ਮੰਤਰੀ ਨਹੀਂ, ਸਗੋਂ ਇੱਕ ਨਵੀਂ ਸੋਚ ਹੈ। ਅਜਿਹੀ ਸੋਚ, ਜਿਸ ਵਿੱਚ ਯੋਗਤਾ ਨੂੰ ਸਿਫ਼ਾਰਸ਼ ਤੋਂ, ਮਿਹਨਤ ਨੂੰ ਧੋਖਾਧੜੀ ਤੋਂ ਅਤੇ ਇਮਾਨਦਾਰੀ ਨੂੰ ਭ੍ਰਿਸ਼ਟਾਚਾਰ ਤੋਂ ਉੱਪਰ ਰੱਖਿਆ ਜਾਵੇ। ਜੇ ਇਸ ਘਟਨਾ ਤੋਂ ਵੀ ਸਬਕ ਨਾ ਲਿਆ ਗਿਆ, ਤਾਂ ਨੁਕਸਾਨ ਕਿਸੇ ਇੱਕ ਸਰਕਾਰ ਜਾਂ ਇੱਕ ਸੰਸਥਾ ਦਾ ਨਹੀਂ, ਸਗੋਂ ਪੂਰੇ ਦੇਸ਼ ਦੀ ਉਸ ਪੀੜ੍ਹੀ ਦਾ ਹੋਵੇਗਾ ਜੋ ਆਪਣਾ ਭਵਿੱਖ ਕਿਤਾਬਾਂ ਵਿੱਚ ਲੱਭ ਰਹੀ ਹੈ, ਨਾ ਕਿ ਸੜਕਾਂ 'ਤੇ ਸੰਘਰਸ਼ ਕਰਕੇ। ਇਹੀ ਸਮਾਂ ਹੈ ਕਿ ਸਿੱਖਿਆ ਵਿੱਚ ਭਰੋਸਾ ਮੁੜ ਬਹਾਲ ਕੀਤਾ ਜਾਵੇ, ਕਿਉਂਕਿ ਇੱਕ ਮਜ਼ਬੂਤ ਸਿੱਖਿਆ ਪ੍ਰਣਾਲੀ ਹੀ ਮਜ਼ਬੂਤ ਭਾਰਤ ਦੀ ਅਸਲ ਪਹਿਚਾਣ ਬਣ ਸਕਦੀ ਹੈ।

-ਜਗਜੀਤ ਸਿੰਘ ਦਰਦੀ

---

ਗਰੀਬ ਲਈ ਉੱਚ ਸਿੱਖਿਆ ਅਜੇ ਵੀ ਸੁਪਨਾ

# ਮਹਿੰਗੀ ਤੇ ਸਕਿੱਲਹੀਨ ਸਿੱਖਿਆ ਨੇ ਤੋੜੇ ਪੰਜਾਬੀ ਨੌਜਵਾਨਾਂ ਦੇ ਦਿਲ ਤੇ ਸੁਪਨੇ

## ਪ੍ਰਾਈਵੇਟ ਯੂਨੀਵਰਸਿਟੀਆਂ ਵੱਡੇ ਕਾਲਜ ਰਾਜਨੀਤਿਕ ਲੋਕਾਂ ਦੇ ਕਬਜ਼ੇ 'ਚ




ਹੁਣ ਜਦੋਂ ਦੇਸ਼ ਵਿੱਚ ਉੱਚ ਸਿੱਖਿਆ ਬਾਰੇ ਵੱਡੇ ਬਦਲਾਅ ਦੀ ਗੱਲ ਚੱਲੀ ਹੈ ਤਾਂ ਕੀ ਪੰਜਾਬ ਦੇ ਸਿੱਖਿਆ ਢਾਂਚੇ ਅਤੇ ਪੰਜਾਬ ਦਾ ਪ੍ਰਸ਼ਾਸਨਿਕ ਢਾਂਚਾ ਵੀ ਜਾਗੇਗਾ। ਕੀ ਕਦੀ ਪੰਜਾਬ ਦੇ ਵੱਡੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਦਾ ਆਡਿਟ ਤੋਂ ਲੈ ਕੇ ਸਮਾਜਿਕ ਪੱਧਰ ਦੇਖਿਆ ਜਾਏ ਤਾਂ ਪਤਾ ਲੱਗ ਜਾਏਗਾ ਅੰਦਰਲੀ ਖੋਖਲੀ ਹਾਲਤ ਕਿਸ ਤਰ੍ਹਾਂ ਦੀ ਹੈ ਤੇ ਅਸੀਂ ਕਿਸ ਤਰ੍ਹਾਂ ਦੇ ਨੌਜਵਾਨਾਂ ਨੂੰ ਭਵਿੱਖ ਵੱਲ ਤਿਆਰ ਕਰ ਰਹੇ ਹਾਂ। ਅੱਜ ਪੰਜਾਬ ਵਿੱਚ ਸਿੱਖਿਆ ਨਾਮ ਦੀ ਇੱਕ ਲੁੱਟ ਚੱਲ ਰਹੀ ਹੈ। ਉੱਚ ਸਿੱਖਿਆ, ਟੈਕਨੀਕਲ ਅਤੇ ਸਕਿੱਲਡ ਐਜੂਕੇਸ਼ਨ ਐਨੀ ਮਹਿੰਗੀ ਹੋ ਚੁੱਕੀ ਹੈ ਕਿ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਲਈ ਇਹ ਇੱਕ ਅਸੰਭਵ ਸੁਪਨਾ ਬਣ ਚੁੱਕੀ ਹੈ। ਪਿਛਲੇ ਇੱਕ ਦਹਾਕੇ ਵਿੱਚ ਫੀਸਾਂ ਵਿੱਚ 50 ਤੋਂ 100 ਫੀਸਦੀ ਤੱਕ ਲੁੱਟ ਹੋਈ ਹੈ। ਚੰਡੀਗੜ੍ਹ ਅਤੇ ਆਸ-ਪਾਸ ਵਿੱਚ ਇੱਕ ਵਿਦਿਆਰਥੀ ਉੱਤੇ ਸਾਲਾਨਾ ਖਰਚ ਰਾਸ਼ਟਰੀ ਔਸਤ ਤੋਂ ਪੰਜ ਗੁਣਾ ਵੱਧ ਹੋ ਗਿਆ ਹੈ। ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਔਸਤ ਘਰੇਲੂ ਖਰਚ ਇੱਕ ਵਿਦਿਆਰਥੀ ਉੱਤੇ ਲਗਭਗ 22,692 ਰੁਪਏ ਸਾਲਾਨਾ ਹੈ, ਜਦਕਿ ਰਾਸ਼ਟਰੀ ਔਸਤ ਸਿਰਫ਼ 12,616 ਰੁਪਏ ਹੈ। ਅੱਜ ਪ੍ਰਾਈਵੇਟ ਸਕੂਲਾਂ-ਕਾਲਜਾਂ ਵਿੱਚ ਇਹ ਖਰਚ 43,915 ਰੁਪਏ ਤੱਕ ਪਹੁੰਚ ਗਿਆ ਹੈ। MBBS ਵਰਗੀਆਂ ਡਿਗਰੀਆਂ ਵਿੱਚ ਫੀਸਾਂ ਪੰਜ ਸਾਲਾਂ ਵਿੱਚ ਲਗਭਗ ਪੰਜ ਲੱਖ ਰੁਪਏ ਵੱਧ ਗਈਆਂ ਹਨ। ਇਹ ਲੁੱਟ ਨਾ ਸਿਰਫ਼ ਗਰੀਬੀ ਨੂੰ ਵਧਾਉਂਦੀ ਹੈ, ਬਲਕਿ ਪੂਰੀ ਇੱਕ ਪੀੜ੍ਹੀ ਨੂੰ ਨਿਰਾਸ਼ਾ ਵੱਲ ਧੱਕ ਰਹੀ ਹੈ।

ਪੰਜਾਬ ਵਿੱਚ 70 ਫ਼ੀਸਦੀ ਤੋਂ ਵਧੇਰੇ ਆਬਾਦੀ ਪੇਂਡੂ ਹੈ ਅਤੇ ਇਸ ਤਬਕੇ ਲਈ ਉੱਚ ਸਿੱਖਿਆ ਹੁਣ ਇੱਕ ਲਗਜ਼ਰੀ ਬਣ ਚੁੱਕੀ ਹੈ। ਸਰਕਾਰੀ ਯੋਜਨਾਵਾਂ ਤਾਂ ਚੱਲ ਰਹੀਆਂ ਹਨ, ਪਰ ਉਨ੍ਹਾਂ ਦਾ ਲਾਭ ਬਹੁਤ ਘੱਟ ਲੋਕਾਂ ਤੱਕ ਪਹੁੰਚਦਾ ਹੈ। ਬਿਊਰੋਕ੍ਰੇਸੀ, ਭ੍ਰਿਸ਼ਟਾਚਾਰ ਅਤੇ ਲਾਲ ਫੀਤਾਸ਼ਾਹੀ ਨੇ ਇਨ੍ਹਾਂ ਯੋਜਨਾਵਾਂ ਨੂੰ ਬੇਅਸਰ ਬਣਾ ਦਿੱਤਾ ਹੈ। ਪੰਜਾਬ ਵਿੱਚ ਉੱਚ ਸਿੱਖਿਆ ਵਿਭਾਗ ਦਾ ਬਜਟ 2021-22 ਵਿੱਚ 12,657 ਕਰੋੜ ਤੋਂ ਵੱਧ ਕੇ 2026-27 ਵਿੱਚ 19,279 ਕਰੋੜ ਰੁਪਏ ਹੋ ਗਿਆ ਹੈ, ਫਿਰ ਵੀ ਗੁਣਵੱਤਾ ਅਤੇ ਪਹੁੰਚ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ।

ਏਆਈਐਸਐਚਈ ਰਿਪੋਰਟ 2023-24 ਅਨੁਸਾਰ ਭਾਰਤ ਵਿੱਚ ਉੱਚ ਸਿੱਖਿਆ GER 30 ਤੱਕ ਪਹੁੰਚ ਗਿਆ ਹੈ, ਪਰ ਪੰਜਾਬ ਵਿੱਚ ਇਹ ਰਾਸ਼ਟਰੀ ਔਸਤ ਤੋਂ ਘੱਟ 27.9 ਹੈ। UDISE+ 2024-25 ਅਨੁਸਾਰ ਪ੍ਰਾਈਮਰੀ GER 105.6% ਹੈ, ਪਰ ਡ੍ਰਾਪਆਊਟ ਰੇਟ ਵੀ ਉੱਚਾ ਹੈ। ਇਹ ਅੰਕੜੇ ਸਾਫ਼ ਚੀਖ ਰਹੇ ਹਨ ਕਿ ਬੁਨਿਆਦੀ ਸਿੱਖਿਆ ਖੁਦ ਕਮਜ਼ੋਰ ਹੋ ਰਹੀ ਹੈ ਅਤੇ ਉੱਚ ਸਿੱਖਿਆ ਤੱਕ ਪਹੁੰਚਣ ਦਾ ਰਾਹ ਲਗਾਤਾਰ ਤੰਗ ਹੋ ਰਿਹਾ ਹੈ। ਅੱਜ ਸਰਕਾਰੀ ਯੂਨੀਵਰਸਿਟੀਆਂ, ਸਰਕਾਰੀ ਅਤੇ ਪ੍ਰਾਈਵੇਟ ਲੁੱਟ ਦਾ ਤੁਲਨਾਤਮਕ ਅਧਿਐਨ ਵੇਖਦਿਆਂ ਪੰਜਾਬ ਵਿੱਚ ਉੱਚ ਸਿੱਖਿਆ ਵਿਵਸਥਾ ਤਿੰਨ ਖੇਤਰਾਂ ਵਿੱਚ ਵੰਡੀ ਹੋਈ ਹੈ - ਸਰਕਾਰੀ ਯੂਨੀਵਰਸਿਟੀਆਂ, ਸਰਕਾਰੀ ਕਾਲਜ ਅਤੇ ਪ੍ਰਾਈਵੇਟ ਇੰਸਟੀਚਿਊਸ਼ਨਜ਼। ਇਸ ਤੁਲਨਾ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਸਿਸਟਮ ਗਰੀਬਾਂ ਨਾਲ ਧੋਖਾ ਕਰ ਰਿਹਾ ਹੈ।

ਅੱਜ ਸਰਕਾਰੀ ਯੂਨੀਵਰਸਿਟੀਆਂ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਰਗੀਆਂ ਯੂਨੀਵਰਸਿਟੀਆਂ ਅਜੇ ਵੀ ਗੁਣਵੱਤਾ ਦਾ ਝੰਡਾ ਚੁੱਕੀਆਂ ਖੜ੍ਹੀਆਂ ਹਨ। ਇੱਥੇ ਫ਼ੀਸ ਘੱਟ ਹੈ ਅਤੇ ਅਧਿਆਪਕ ਵੀ ਤਜਰਬੇਕਾਰ ਹਨ, ਪਰ ਸੀਟਾਂ ਬਹੁਤ ਘੱਟ ਹਨ ਅਤੇ ਆਧੁਨਿਕ ਲੈਬਾਂ 'ਤੇ ਰਿਸਰਚ ਫੰਡਿੰਗ ਵਿੱਚ ਘਾਟ ਹੈ। ਇਹ ਯੂਨੀਵਰਸਿਟੀਆਂ ਗਰੀਬ ਵਿਦਿਆਰਥੀਆਂ ਲਈ ਇੱਕ ਆਖ਼ਰੀ ਆਸ ਹਨ, ਪਰ ਰਾਜਨੀਤੀਕਰਨ ਨੇ ਇਨ੍ਹਾਂ ਨੂੰ ਵੀ ਕਮਜ਼ੋਰ ਕੀਤਾ ਹੋਇਆ ਹੈ।

ਅੱਜ ਸਰਕਾਰੀ ਕਾਲਜਾਂ ਵਿੱਚ ਜੋ ਪੰਜਾਬ ਵਿੱਚ ਸੈਂਕੜੇ ਸਰਕਾਰੀ ਕਾਲਜ ਹਨ ਜੋ ਪੇਂਡੂ ਅਤੇ ਗਰੀਬ ਵਿਦਿਆਰਥੀਆਂ ਦਾ ਮੁੱਖ ਆਧਾਰ ਹਨ। ਇੱਥੇ ਫੀਸ ਘੱਟ ਹੈ ਅਤੇ NEET/JEE ਵਰਗੀਆਂ ਪ੍ਰੀਖਿਆਵਾਂ ਵਿੱਚ ਵਧਦੀ ਕਾਮਯਾਬੀ (2026 ਵਿੱਚ 882 NEET ਕੁਆਲੀਫਾਈ) ਇੱਕ ਉਮੀਦ ਵਾਲੀ ਗੱਲ ਹੈ। ਪਰ ਫੈਕਲਟੀ ਘਾਟ, ਪੁਰਾਣੀਆਂ ਲੈਬਾਂ ਅਤੇ ਡਿਜੀਟਲ ਬੁਨਿਆਦ ਦੀ ਘਾਟ ਇਨ੍ਹਾਂ ਕਾਲਜਾਂ ਨੂੰ ਪਛਾੜ ਰਹੀ ਹੈ। ਇਹ ਕਾਲਜ ਗਰੀਬੀ ਅਤੇ ਮੈਰਿਟ ਵਿਚਾਲੇ ਪੁਲ ਬਣ ਸਕਦੇ ਹਨ, ਪਰ ਸਰਕਾਰੀ ਲੱਚਰ ਲਾਪਰਵਾਹੀ ਨੇ ਇਨ੍ਹਾਂ ਨੂੰ ਅਧੂਰਾ ਛੱਡ ਦਿੱਤਾ ਹੈ।

ਅੱਜ ਪ੍ਰਾਈਵੇਟ ਇੰਸਟੀਚਿਊਸ਼ਨਜ਼ ਵਿੱਚ ਇਹ ਖੇਤਰ ਸਭ ਤੋਂ ਵੱਧ ਫੈਲਿਆ ਹੋਇਆ ਹੈ ਅਤੇ ਇੱਥੇ ਲੁੱਟ ਸਭ ਤੋਂ ਖੁੱਲ੍ਹੀ ਹੈ। ਫੀਸਾਂ ਆਸਮਾਨ ਛੂਹ ਰਹੀਆਂ ਹਨ ਅਤੇ ਇਨ੍ਹਾਂ ਨੇ ਸਿੱਖਿਆ ਨੂੰ ਇੱਕ ਧੰਦਾ ਬਣਾ ਲਿਆ ਹੈ। ਐਨਰੋਲਮੈਂਟ ਵੱਧ ਹੈ, ਪਰ ਗੁਣਵੱਤਾ ਘੱਟ ਹੈ। ਬਹੁਤੀਆਂ ਥਾਵਾਂ ਉੱਤੇ ਰਾਜਨੀਤਿਕ ਲੋਕਾਂ ਦੀ ਪਕੜ ਹੈ ਅਤੇ ਫੈਕਲਟੀ ਅਯੋਗ ਹੈ। ਇਹ ਇੰਸਟੀਚਿਊਸ਼ਨਾਂ ਅਮੀਰਾਂ ਲਈ ਤਾਂ ਠੀਕ ਹਨ, ਪਰ ਗਰੀਬਾਂ ਲਈ ਇੱਕ ਵੱਡਾ ਜਾਲ ਹਨ ਜੋ ਉਨ੍ਹਾਂ ਨੂੰ ਉਧਾਰ ਅਤੇ ਨਿਰਾਸ਼ਾ ਵੱਲ ਧੱਕਦੀਆਂ ਹਨ। ਹੁਣ ਇਸ ਤੁਲਨਾ ਤੋਂ ਇੱਕ ਗੱਲ ਸਾਫ਼ ਹੈ - ਸਰਕਾਰੀ ਖੇਤਰ ਗੁਣਵੱਤਾ ਵਿੱਚ ਬਿਹਤਰ ਹੈ ਪਰ ਪਹੁੰਚ ਘੱਟ ਹੈ, ਜਦਕਿ ਪ੍ਰਾਈਵੇਟ ਖੇਤਰ ਪਹੁੰਚ ਵਧਾਉਂਦਾ ਹੈ ਪਰ ਲੁੱਟ ਅਤੇ ਘੱਟ ਗੁਣਵੱਤਾ ਨਾਲ ਭਰਪੂਰ ਹੈ। ਇਸ ਅਸੰਤੁਲਨ ਨੇ ਪੂਰੀ ਸਿੱਖਿਆ ਵਿਵਸਥਾ ਨੂੰ ਅੱਜ ਤਬਾਹ ਕਰ ਦਿੱਤਾ ਹੈ।

ਅੱਜ NEET ਦੀ ਲੁੱਟ ਅਤੇ ਵਿਦਿਆਰਥੀਆਂ ਦੀ ਚੀਖ ਪੂਰੇ ਦੇਸ਼ ਵਿੱਚ ਫੈਲੀ ਹੋਈ ਹੈ। NEET-UG 2024 ਅਤੇ 2026 ਵਿੱਚ ਪੇਪਰ ਲੀਕ ਹੋਣ ਨਾਲ ਲੱਖਾਂ ਵਿਦਿਆਰਥੀਆਂ ਦੀਆਂ ਤਿਆਰੀਆਂ 'ਤੇ ਪਾਣੀ ਫਿਰ ਗਿਆ। ਗਰੀਬ ਵਿਦਿਆਰਥੀ ਕੋਚਿੰਗ ਲਈ ਲੱਖਾਂ ਖਰਚ ਕਰਦਾ ਹੈ ਅਤੇ ਫਿਰ ਉਸਦੀ ਮਿਹਨਤ ਚੋਰੀ ਹੋ ਜਾਂਦੀ ਹਨ। ਪੰਜਾਬ ਵਿੱਚ ਸਰਕਾਰੀ ਸਕੂਲਾਂ ਤੋਂ NEET ਵਿੱਚ ਕਾਮਯਾਬੀ ਵਧੀ ਹੈ, ਪਰ ਇਹ ਇੱਕੋ ਉਦਾਹਰਣ ਹੈ। ਬਾਕੀ ਲੱਖਾਂ ਵਿਦਿਆਰਥੀ ਨਿਰਾਸ਼ਾ ਵਿੱਚ ਡੁੱਬੇ ਹੋਏ ਹਨ।

ਪੰਜਾਬ ਵਿੱਚ ਵਿਦੇਸ਼ ਭੱਜਣ ਦਾ ਸਿਲਸਿਲਾ ਜਾਰੀ ਹੈ। PAU ਦੇ ਅਧਿਐਨ ਅਨੁਸਾਰ ਗ੍ਰਾਮੀਣ ਘਰਾਂ ਵਿੱਚੋਂ 13.34% ਘਰਾਂ ਵਿੱਚ ਘੱਟ-ਘੱਟ ਇੱਕ ਮੈਂਬਰ ਵਿਦੇਸ਼ ਚਲਾ ਗਿਆ ਹੈ। ਕੈਨੇਡਾ 42%, ਦੁਬਈ 16% ਅਤੇ ਆਸਟ੍ਰੇਲੀਆ 10% ਗਏ ਹਨ। ਇਸ ਲਈ ਲੋਕਾਂ ਨੇ ਜਾਇਦਾਦ ਵੇਚੀ ਅਤੇ ਲਗਭਗ 14,342 ਕਰੋੜ ਰੁਪਏ ਉਧਾਰ ਲਏ ਹਨ। ਬੇਰੁਜ਼ਗਾਰੀ ਦਰ ਯੁਵਕਾਂ ਵਿੱਚ 17-20 ਫੀਸਦੀ ਹੈ। ਖੇਤੀ ਸੰਕਟ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਨੇ ਨੌਜਵਾਨਾਂ ਨੂੰ ਭੱਜਣ ਲਈ ਮਜਬੂਰ ਕੀਤਾ ਹੈ। ਅੱਜ ਇਹ ਬ੍ਰੇਨ ਡਰੇਨ ਪੰਜਾਬ ਨੂੰ ਖੋਖਲਾ ਕਰ ਰਿਹਾ ਹੈ। ਅੱਜ ਇਸ ਲੁੱਟ ਨੂੰ ਰੋਕਣ ਲਈ ਤੁਰੰਤ ਤਿੱਖੀਆਂ ਕਾਰਵਾਈਆਂ ਲਾਜ਼ਮੀ ਹਨ। ਫੀਸ ਉੱਤੇ ਸਖ਼ਤ ਕੈਪ ਲਾਓ, ਫੈਕਲਟੀ ਭਰਤੀ ਵਿੱਚ ਮੈਰਿਟ ਲਾਗੂ ਕਰੋ, ਸਕਾਲਰਸ਼ਿਪ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਓ, ਵੋਕੇਸ਼ਨਲ ਟ੍ਰੇਨਿੰਗ ਲਾਜ਼ਮੀ ਕਰੋ, ਪ੍ਰੀਖਿਆਵਾਂ ਵਿੱਚ ਸੁਧਾਰ ਕਰੋ ਅਤੇ ਪੇਂਡੂ ਖੇਤਰਾਂ ਵਿੱਚ ਆਧੁਨਿਕ ਸੰਸਥਾਵਾਂ ਖੋਲ੍ਹੋ। ਰਾਜਨੀਤੀ ਨੂੰ ਸਿੱਖਿਆ ਤੋਂ ਦੂਰ ਰੱਖੋ ਅਤੇ ਸਥਾਨਕ ਰੁਜ਼ਗਾਰ ਨੀਤੀ ਬਣਾਓ।

ਅੱਜ ਪੰਜਾਬ ਦਾ ਭਵਿੱਖ ਇਸਦੇ ਨੌਜਵਾਨਾਂ ਵਿੱਚ ਹੈ। ਜੇ ਅਸੀਂ ਇਸ ਸੰਕਟ ਨੂੰ ਨਾ ਰੋਕਿਆ ਤਾਂ ਇੱਕ ਪੂਰੀ ਪੀੜ੍ਹੀ ਖਤਮ ਹੋ ਜਾਵੇਗੀ। ਸਮਾਂ ਤੁਰੰਤ ਅਤੇ ਤਿੱਖੀ ਕਾਰਵਾਈ ਦਾ ਹੈ। ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ਼ ਨਹੀਂ ਕਰਨਗੀਆਂ। ਇੱਕ ਜਾਗਰੂਕ ਅਤੇ ਸਿੱਖਿਅਤ ਯੁਵਾ ਪੀੜ੍ਹੀ ਹੀ ਪੰਜਾਬ ਨੂੰ ਵਾਪਸ ਖੜ੍ਹਾ ਕਰ ਸਕਦੀ ਹੈ।

---

# ਪਾਰਲੀਮੈਂਟ ਦਾ ਮੌਨਸੂਨ ਸ਼ੈਸਨ ਬਨਾਮ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ





ਪਿਛਲੇ ਦਿਨੀਂ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਵਿਸ਼ਾਲ ਬਹੁਮਤ ਨਾਲ ਜਿੱਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ (20 ਜੁਲਾਈ ਤੋਂ ਸ਼ੁਰੂ ਹੋਏ ਅਤੇ 13 ਅਗਸਤ ਤੱਕ ਚੱਲਣ ਵਾਲੇ) ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਖਡੂਰ ਸਾਹਿਬ ਦੇ ਲੱਖਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨੂੰ ਆਪਣੇ ਸੰਸਦੀ ਫਰਜ਼ ਨਿਭਾਉਣ ਦਾ ਸੰਵਿਧਾਨਕ ਮੌਕਾ ਮਿਲ ਸਕੇ। ਇਸ ਮੌਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੇ ਮੁਢਲੇ ਮਾਨਵੀ ਅਤੇ ਰਾਜਨੀਤਿਕ ਅਧਿਕਾਰਾਂ ਦਾ ਜਿਸ ਤਰ੍ਹਾਂ ਘਾਣ ਕੀਤਾ ਜਾ ਰਿਹਾ ਹੈ, ਉਹ ਸਿਰਫ਼ ਇੱਕ ਵਿਅਕਤੀ ਵਿਸ਼ੇਸ਼ ਤੱਕ ਸੀਮਤ ਨਹੀਂ, ਸਗੋਂ ਪੰਜਾਬ ਅਤੇ ਸਮੁੱਚੀ ਸਿੱਖ ਕੌਮ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਭਾਈ ਅੰਮ੍ਰਿਤਪਾਲ ਸਿੰਘ ਉੱਤੇ ਭਾਰਤੀ ਸਟੇਟ ਦੀ ਤਿੱਖੀ ਅਤੇ ਸ਼ੱਕੀ ਨਜ਼ਰ ਪਹਿਲੇ ਦਿਨ ਤੋਂ ਹੀ ਸੀ, ਜਦੋਂ ਉਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪਾਉਣ ਲਈ 'ਖਾਲਸਾ ਵਹੀਰ' ਵਰਗੀ ਇਤਿਹਾਸਕ ਲਹਿਰ ਦੀ ਸ਼ੁਰੂਆਤ ਕੀਤੀ, ਜਿਸ ਦਾ ਅਸਰ ਪੂਰੇ ਪੰਜਾਬ ਵਿੱਚ ਵੇਖਣ ਨੂੰ ਮਿਲਿਆ।

ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ, ਅੰਮ੍ਰਿਤ ਛੱਕ ਕੇ ਸਿੱਖੀ ਦੀ ਮੁੱਖ ਧਾਰਾ ਨਾਲ ਜੁੜਨ ਲੱਗੇ। ਇਹ ਲਹਿਰ ਕੇਵਲ ਧਾਰਮਿਕ ਪ੍ਰਚਾਰ ਤੱਕ ਸੀਮਤ ਨਹੀਂ ਸੀ, ਸਗੋਂ ਇਹ ਪੰਜਾਬ ਦੀ ਜੁਆਨੀ ਨੂੰ ਗੈਰਤੀ ਹੁਲਾਰਾ ਦੇਣ ਵਾਲੀ ਇੱਕ ਵੱਡੀ ਮੁਹਿੰਮ ਸੀ। ਪਰ ਅਫ਼ਸੋਸ ਦੀ ਗੱਲ ਇਹ ਰਹੀ ਕਿ ਜਿਹੜੇ ਸਮਾਜ ਸੁਧਾਰ ਦਾ ਕੰਮ ਖੁਦ ਸਰਕਾਰਾਂ ਨੂੰ ਕਰਨਾ ਚਾਹੀਦਾ ਸੀ, ਅਜਿਹੀ ਲਹਿਰ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਸਫਲਤਾ ਨਾਲ ਚਲਾਏ ਜਾਣ ਤੋਂ ਹਾਕਮ ਧਿਰਾਂ ਘਬਰਾ ਗਈਆਂ। ਸਟੇਟ ਨੂੰ ਇਹ ਡਰ ਸਤਾਉਣ ਲੱਗਾ ਕਿ ਜੇਕਰ ਪੰਜਾਬ ਦੀ ਜਵਾਨੀ ਨਸ਼ਿਆਂ ਤੋਂ ਮੁਕਤ ਹੋ ਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਗਈ ਤਾਂ ਇਹ ਜਾਗਰੂਕਤਾ ਉਹਨਾਂ ਦੀ ਸੱਤਾ ਲਈ ਖਤਰੇ ਪੈਦਾ ਕਰ ਸਕਦੀ ਹੈ। ਖਾਲਸਾ ਵਹੀਰ ਦੀ ਸਫਲਤਾ ਤੋਂ ਬੌਖਲਾਈ ਭਾਰਤੀ ਸਟੇਟ ਦੇ ਹੁਕਮਾਂ 'ਤੇ ਪੰਜਾਬ ਪੁਲਿਸ ਅਤੇ ਕੇਂਦਰੀ ਏਜੰਸੀਆਂ ਨੇ ਮਿਲ ਕੇ ਇੱਕ ਯੋਜਨਾਬੱਧ ਬਿਰਤਾਂਤ ਘੜਨਾ ਸ਼ੁਰੂ ਕੀਤਾ। ਇੱਕ ਨਿਗੂਣੇ ਅਤੇ ਮਾਮੂਲੀ ਕੇਸ ਨੂੰ ਬਹਾਨਾ ਬਣਾ ਕੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਉੱਤੇ ਦੇਸ਼ਧ੍ਰੋਹ ਅਤੇ ਐੱਨ.ਐੱਸ.ਏ. ਵਰਗੇ ਕਾਲੇ ਕਾਨੂੰਨ ਠੋਕ ਦਿੱਤੇ ਗਏ। ਇੱਥੇ ਹੀ ਬੱਸ ਨਹੀਂ, ਰਾਸ਼ਟਰੀ ਮੀਡੀਆ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਦੁਨੀਆਂ ਸਾਹਮਣੇ ਇੱਕ ਵੱਡੇ ਅੱਤਵਾਦੀ ਵਜੋਂ ਪੇਸ਼ ਕੀਤਾ ਗਿਆ। ਭਾਰਤੀ ਸਟੇਟ ਦਾ ਸਿਰਜਿਆ ਇਹ ਬਿਰਤਾਂਤ ਸਰਾਸਰ ਝੂਠਾ, ਬੇਬੁਨਿਆਦ ਅਤੇ ਮਨਘੜਤ ਸੀ। ਇਸ ਦਾ ਮੁੱਖ ਮਨੋਰਥ ਕੇਵਲ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿੱਚ ਡੱਕਣਾ ਨਹੀਂ ਸੀ, ਸਗੋਂ ਪੂਰੀ ਸਿੱਖ ਕੌਮ ਨੂੰ ਵਿਸ਼ਵ ਪੱਧਰ 'ਤੇ ਬਦਨਾਮ ਕਰਨਾ ਅਤੇ ਉਨ੍ਹਾਂ ਦੀ ਸੰਘਰਸ਼ੀ ਸੋਚ ਨੂੰ 'ਹਿੰਸਕ' ਸਿੱਧ ਕਰਨਾ ਸੀ।

ਇਹ ਪੰਜਾਬ ਅਤੇ ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਦੀ ਭਾਰਤੀ ਰਾਜ-ਸੱਤਾ ਦੀ ਪੁਰਾਣੀ ਨੀਤੀ ਦਾ ਹੀ ਇੱਕ ਹਿੱਸਾ ਸਮਝਿਆ ਜਾਣਾ ਚਾਹੀਦਾ ਹੈ। ਜਦੋਂ ਰਾਜ-ਸੱਤਾ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰਕੇ, ਉਹਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਹਲਕਾ ਖਡੂਰ ਸਾਹਿਬ ਦੇ ਲੋਕਾਂ ਨੇ ਲੋਕਤੰਤਰ ਵਿੱਚ ਸਭ ਤੋਂ ਤਾਕਤਵਰ ਮੰਨੀ ਜਾਂਦੀ ਵੋਟ ਪ੍ਰਣਾਲੀ ਦੀ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਵਰਤੋਂ ਕਰਕੇ ਸਰਕਾਰ ਨੂੰ ਅਜਿਹਾ ਜਵਾਬ ਦਿੱਤਾ ਜਿਸ ਨੂੰ ਸਾਰੀ ਦੁਨੀਆਂ ਨੇ, ਸਿੱਖਾਂ ਵੱਲੋਂ ਮਨਾਏ ਗਏ ਜਸ਼ਨਾਂ ਦੇ ਰੂਪ 'ਚ ਸੁਣਿਆ। ਸੰਸਦੀ ਚੋਣਾਂ ਵਿੱਚ ਹਲਕਾ ਖਡੂਰ ਸਾਹਿਬ ਦੀ ਸੰਗਤ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ 4 ਲੱਖ ਤੋਂ ਵੱਧ ਵੋਟਾਂ ਦੇ ਬਹੁਤ ਵੱਡੇ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ। ਏਥੇ ਹੀ ਬੱਸ ਨਹੀਂ ਬਲਕਿ ਹਲਕਾ ਫਰੀਦਕੋਟ ਤੋਂ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਭਾਈ ਸਰਬਜੀਤ ਸਿੰਘ ਨੂੰ ਵੀ ਵੱਡੇ ਫਰਕ ਨਾਲ ਜਿਤਾ ਕੇ ਲੋਕਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਦੀ ਸੋਚ ਦੀ ਤਸਦੀਕ ਕੀਤੀ। ਇਹ ਚੋਣ, ਸਰਕਾਰ ਦੁਆਰਾ ਸਿਰਜੇ ਗਏ ਝੂਠੇ 'ਅੱਤਵਾਦੀ' ਬਿਰਤਾਂਤ ਉੱਤੇ ਲੋਕਾਂ ਦਾ ਫਤਵਾ ਸੀ। ਖਡੂਰ ਸਾਹਿਬ ਦੀ ਜਿੱਤ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਦੇ ਲੋਕ ਭਾਈ ਅੰਮ੍ਰਿਤਪਾਲ ਸਿੰਘ ਨੂੰ ਆਪਣਾ ਆਗੂ ਮੰਨਦੇ ਹਨ। ਲੋਕਾਂ ਦੁਆਰਾ ਦਿੱਤੇ ਇਸ ਵਿਸ਼ਾਲ ਫਤਵੇ ਤੋਂ ਬਾਅਦ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਗਿਆ, ਬਲਕਿ ਕੇਂਦਰ ਅਤੇ ਸੂਬਾ ਸਰਕਾਰ ਦੀ ਮਿਲੀਭੁਗਤ ਨਾਲ ਭਾਈ ਅੰਮ੍ਰਿਤਪਾਲ ਸਿੰਘ ਨਾਲ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ।

ਉਨ੍ਹਾਂ ਨੂੰ ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਡਿਬਰੂਗੜ੍ਹ (ਅਸਾਮ) ਦੀ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਹੈ, ਤਾਂ ਜੋ ਉਹ ਆਪਣੇ ਖੇਤਰ ਦੇ ਲੋਕਾਂ ਨਾਲ ਰਾਬਤਾ ਨਾ ਰੱਖ ਸਕਣ। ਇਹ ਤਰਾਸਦੀ ਹੈ ਕਿ ਇੱਕ ਚੁਣੇ ਹੋਏ ਮੈਂਬਰ ਪਾਰਲੀਮੈਂਟ ਨੂੰ ਹੁਣ ਤੱਕ ਲੋਕ ਸਭਾ ਦੇ ਸੈਸ਼ਨਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਹੀ ਨਹੀਂ ਦਿੱਤੀ ਗਈ। ਸਹੁੰ ਚੁੱਕਣ ਲਈ ਦਿੱਤੀ ਗਈ ਥੋੜ੍ਹੀ ਜਿਹੀ ਛੋਟ ਤੋਂ ਇਲਾਵਾ, ਉਨ੍ਹਾਂ ਨੂੰ ਸੰਸਦ ਵਿੱਚ ਜਨਤਾ ਦੀ ਆਵਾਜ਼ ਚੁੱਕਣ ਦੇ ਮੁਢਲੇ ਅਧਿਕਾਰ ਤੋਂ ਵਾਂਝਾ ਰੱਖਿਆ ਗਿਆ ਹੈ। ਇਸੇ ਸੰਦਰਭ ਵਿੱਚ ਉਹਨਾਂ ਦੀ ਪਾਰਟੀ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮਾਨਸੂਨ ਸੈਸ਼ਨ 'ਚ ਸ਼ਾਮਲ ਹੋਣ ਦੀ ਇਜਾਜ਼ਤ ਮੰਗਣਾ ਜਾਇਜ਼ ਅਤੇ ਸੰਵਿਧਾਨਕ ਹੱਕ ਹੈ। ਜੇਕਰ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਗੰਭੀਰ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਰਾਜਨੇਤਾਵਾਂ ਨੂੰ ਜ਼ਮਾਨਤਾਂ ਅਤੇ ਸਦਨ ਵਿੱਚ ਆਉਣ ਦੀਆਂ ਛੋਟਾਂ ਮਿਲ ਸਕਦੀਆਂ ਹਨ, ਤਾਂ ਪੰਜਾਬ ਦੇ ਇੱਕ ਚੁਣੇ ਹੋਏ ਸਿੱਖ ਨੁਮਾਇੰਦੇ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ। ਅੰਮ੍ਰਿਤਪਾਲ ਸਿੰਘ ਨਾਲ ਕੀਤਾ ਜਾ ਰਿਹਾ ਅਮਾਨਵੀ ਵਰਤਾਓ, ਭਾਰਤੀ ਲੋਕਤੰਤਰ ਅਤੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਸਮਾਨ ਹੈ। ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਅਤੇ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਆਗੂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਰੱਖ ਕੇ ਸਰਕਾਰ ਆਪਣੀ ਹੀ ਕਮਜ਼ੋਰੀ ਦਾ ਸਬੂਤ ਦੇ ਰਹੀ ਹੈ। ਜੇਕਰ ਕੇਂਦਰ ਸਰਕਾਰ ਆਪਣੇ ਆਪ ਨੂੰ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਅਖਵਾਉਣ ਵਿੱਚ ਫ਼ਖਰ ਮਹਿਸੂਸ ਕਰਦੀ ਹੈ, ਤਾਂ ਉਸ ਨੂੰ ਖਡੂਰ ਸਾਹਿਬ ਦੇ ਲੱਖਾਂ ਲੋਕਾਂ ਦੇ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਦਿੱਤੇ ਫਤਵੇ ਦਾ ਸਤਿਕਾਰ ਕਰਨਾ ਪਵੇਗਾ। ਸੋ ਭਾਈ ਅੰਮ੍ਰਿਤਪਾਲ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਜਾਂ ਘੱਟੋ-ਘੱਟ ਉਨ੍ਹਾਂ ਨੂੰ ਸੰਸਦ ਦੇ ਸੈਸ਼ਨਾਂ ਵਿੱਚ ਸ਼ਾਮਲ ਹੋ ਕੇ ਆਪਣੇ ਇਲਾਕੇ ਦੇ ਮੁੱਦੇ ਚੁੱਕਣ ਦੀ ਪੂਰੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਅਜਿਹਾ ਨਾ ਕਰਨਾ ਜਿੱਥੇ ਲੋਕਤੰਤਰਿਕ ਕਦਰਾਂ ਕੀਮਤਾਂ ਦਾ ਘਾਣ ਹੈ,ਓਥੇ ਅਜਿਹਾ ਵਰਤਾਰਾ ਪੰਜਾਬ ਦੇ ਲੋਕਾਂ ਅੰਦਰ ਵਿਤਕਰੇ ਅਤੇ ਬੇਗਾਨਗੀ ਦਾ ਅਹਿਸਾਸ ਕਰਵਾ ਕੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਿਹਾ ਹੈ। ਅਜਿਹਾ ਨਫਰਤੀ ਵਰਤਾਰਾ ਸੂਬੇ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਲਈ ਜ਼ਿੰਮੇਵਾਰ ਬਣੇਗਾ ਅਤੇ ਭਾਈਚਾਰਕ ਸਾਂਝਾਂ ਲਈ ਵੀ ਖਤਰੇ ਪੈਦਾ ਕਰੇਗਾ।

---



ਵਿੰਕਲ ਸਰਾ
9501477889
(ਸੁਤੰਤਰ ਲੇਖਕ ਅਤੇ ਸਮਾਜਿਕ ਚਿੰਤਕ)

ਕਿਸਾਨੀ ਦਾ ਅਸਲ ਦਰਦ

# ਜਦੋਂ ਖੇਤਾਂ 'ਚ ਮਿਹਨਤ ਹਾਰ ਜਾਵੇ, ਮੰਡੀਆਂ 'ਚ ਮਿਲਾਵਟ ਜਿੱਤ ਜਾਵੇ ਅਤੇ ਅੰਨਦਾਤਾ ਜੂਨ ਭੋਗਣ ਲਈ ਹੋਵੇ ਮਜਬੂਰ

ਭਾਰਤੀ ਸਮਾਜ ਵਿੱਚ ਕਿਸਾਨ ਨੂੰ "ਅੰਨਦਾਤਾ" ਦਾ ਦਰਜਾ ਦੇ ਕੇ ਉੱਚੇ ਸਿੰਘਾਸਣ 'ਤੇ ਬਿਠਾਇਆ ਜਾਂਦਾ ਹੈ। ਸਿਆਸੀ ਮੰਚਾਂ, ਸਰਕਾਰੀ ਸਮਾਗਮਾਂ ਅਤੇ ਵੱਡੇ-ਵੱਡਿਆਂ ਦੇ ਭਾਸ਼ਣਾਂ ਵਿੱਚ ਉਸਦੀ ਮਿਹਨਤ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਪਰ ਜਦੋਂ ਅਸੀਂ ਖੇਤੀਬਾੜੀ ਖੇਤਰ ਦੇ ਮੌਜੂਦਾ ਹਾਲਾਤ ਅਤੇ ਮੰਡੀ ਦੀ ਕੜਵੀ ਹਕੀਕਤ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਦੇ ਹਾਂ, ਤਾਂ ਇਹ ਸੱਚਾਈ ਸਾਹਮਣੇ ਆਉਂਦੀ ਹੈ ਕਿ ਸਾਡਾ ਅੰਨਦਾਤਾ ਅੱਜ ਹਰ ਪਾਸਿਓਂ ਘੇਰਿਆ ਹੋਇਆ ਇੱਕ ਮਜਬੂਰ ਇਨਸਾਨ ਬਣ ਚੁੱਕਾ ਹੈ। ਉਸਦੀ ਦਿਨ-ਰਾਤ ਦੀ ਅਣਥੱਕ ਘਾਲਣਾ ਅਤੇ ਖੂਨ-ਪਸੀਨੇ ਦੀ ਕਮਾਈ ਦਾ ਅਸਲ ਫਲ ਖੇਤ ਵਿੱਚ ਕੰਮ ਕਰਨ ਵਾਲਾ ਕਿਸਾਨ ਨਹੀਂ, ਸਗੋਂ ਬਾਜ਼ਾਰ ਦੇ ਵਿਚੋਲੇ, ਬੇਈਮਾਨ ਵਪਾਰੀ ਅਤੇ ਮਿਲਾਵਟਖੋਰ ਚੱਟ ਕਰ ਰਹੇ ਹਨ। ਅੱਜ ਪੰਜਾਬ ਦਾ ਕਿਸਾਨ ਸਿਰਫ਼ ਕੁਦਰਤ ਦੀ ਮਾਰ, ਬੇਮੌਸਮੀ ਬਾਰਿਸ਼ਾਂ, ਘਟਦੇ ਧਰਤੀ ਹੇਠਲੇ ਪਾਣੀ ਜਾਂ ਸਿਰ 'ਤੇ ਚੜ੍ਹੇ ਕਰਜ਼ੇ ਦੇ ਬੋਝ ਨਾਲ ਹੀ ਨਹੀਂ ਲੜ ਰਿਹਾ, ਸਗੋਂ ਉਸਦੇ ਸਾਹਮਣੇ ਸਭ ਤੋਂ ਵੱਡੀ ਅਤੇ ਘਾਤਕ ਚੁਣੌਤੀ ਬਾਜ਼ਾਰ ਵਿੱਚ ਫੈਲਿਆ ਨਕਲੀ ਉਤਪਾਦਾਂ ਅਤੇ ਮਿਲਾਵਟਖੋਰੀ ਦਾ ਅਣਦਿੱਖ ਜਾਲ ਹੈ।

**ਖਾਧ ਪਦਾਰਥਾਂ 'ਚ ਮਿਲਾਵਟਖੋਰੀ; ਇਮਾਨਦਾਰ ਕਿਸਾਨ ਦੀ ਰੋਜ਼ੀ-ਰੋਟੀ 'ਤੇ ਸਿੱਧਾ ਡਾਕਾ** : ਪੰਜਾਬ ਵਿੱਚ ਖਾਧ ਪਦਾਰਥਾਂ ਵਿੱਚ ਹੋ ਰਹੀ ਵੱਡੇ ਪੱਧਰ ਦੀ ਮਿਲਾਵਟਖੋਰੀ ਨੇ ਇਮਾਨਦਾਰ ਕਿਸਾਨਾਂ, ਵਿਸ਼ੇਸ਼ ਕਰਕੇ ਡੇਅਰੀ ਫਾਰਮਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਸੰਸਦ ਵਿੱਚ ਪੇਸ਼ ਕੀਤੀ ਗਈ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਅਧਿਕਾਰਤ ਰਿਪੋਰਟ ਦੇ ਅੰਕੜੇ ਅੱਖਾਂ ਖੋਲ੍ਹਣ ਵਾਲੇ ਹਨ। ਇਸ ਰਿਪੋਰਟ ਅਨੁਸਾਰ ਪਿਛਲੇ ਦੋ ਸਾਲਾਂ ਦੌਰਾਨ ਲਏ ਗਏ ਗਿਆਰਾਂ ਹਜ਼ਾਰ ਨੌਂ ਸੌ ਚਾਲੀ ਖਾਧ ਪਦਾਰਥਾਂ ਦੇ ਸੈਂਪਲਾਂ ਵਿੱਚੋਂ ਪੰਦਰਾਂ ਫੀਸਦੀ ਤੋਂ ਵੱਧ ਸੈਂਪਲ ਮਿਆਰਾਂ 'ਤੇ ਖਰੇ ਨਹੀਂ ਉਤਰੇ। ਇਸ ਤੋਂ ਵੀ ਵੱਧ ਗੰਭੀਰ ਸਥਿਤੀ ਤਾਜ਼ਾ ਅੰਕੜਿਆਂ ਵਿੱਚ ਦੇਖਣ ਨੂੰ ਮਿਲਦੀ ਹੈ, ਜਿੱਥੇ ਸੱਤ ਹਜ਼ਾਰ ਅੱਠ ਸੌ ਨੌਂ ਸੈਂਪਲਾਂ ਵਿੱਚੋਂ ਇੱਕ ਹਜ਼ਾਰ ਤੀਹ ਤੋਂ ਵੱਧ ਖਾਣ-ਪੀਣ ਵਾਲੀਆਂ ਵਸਤੂਆਂ ਪੂਰੀ ਤਰ੍ਹਾਂ ਅਸੁਰੱਖਿਅਤ ਅਤੇ ਖਾਣ ਦੇ ਅਯੋਗ ਪਾਈਆਂ ਗਈਆਂ। ਡੇਅਰੀ ਉਤਪਾਦਾਂ ਜਿਵੇਂ ਦੁੱਧ, ਪਨੀਰ, ਘਿਓ ਅਤੇ ਮੱਖਣ ਵਿੱਚ ਅਜਿਹੇ ਖਤਰਨਾਕ ਅਤੇ ਜ਼ਹਿਰੀਲੇ ਕੈਮੀਕਲਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦਿਆਂ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ।

**ਨਕਲੀ ਉਤਪਾਦਾਂ ਦਾ ਅਸੰਤੁਲਨ; ਸ਼ੁੱਧ ਦੁੱਧ ਉਤਪਾਦਕਾਂ ਦਾ ਆਰਥਿਕ ਸ਼ੋਸ਼ਣ** : ਇਸ ਮਿਲਾਵਟਖੋਰੀ ਦਾ ਸਭ ਤੋਂ ਗੰਭੀਰ ਅਤੇ ਘਾਤਕ ਆਰਥਿਕ ਪ੍ਰਭਾਵ ਉਸ ਇਮਾਨਦਾਰ ਕਿਸਾਨ 'ਤੇ ਪੈਂਦਾ ਹੈ ਜੋ ਤੜਕੇ ਉੱਠ ਕੇ, ਪਸ਼ੂਆਂ ਦੀ ਸੇਵਾ ਕਰਕੇ ਸ਼ੁੱਧ ਅਤੇ ਪ੍ਰਮਾਣਿਤ ਦੁੱਧ ਦਾ ਉਤਪਾਦਨ ਕਰਦਾ ਹੈ। ਜਦੋਂ ਬਾਜ਼ਾਰ ਵਿੱਚ ਕੈਮੀਕਲਾਂ ਨਾਲ ਤਿਆਰ ਕੀਤਾ ਗਿਆ ਨਕਲੀ ਪਨੀਰ ਅਤੇ ਸਿੰਥੈਟਿਕ ਦੁੱਧ ਅਸਲੀ ਨਾਲੋਂ ਅੱਧੀ ਕੀਮਤ 'ਤੇ ਉਪਲਬਧ ਹੁੰਦਾ ਹੈ, ਤਾਂ ਆਮ ਖਪਤਕਾਰ ਮਹਿੰਗਾਈ ਦੇ ਦੌਰ ਵਿੱਚ ਅਣਜਾਣਪੁਣੇ ਵਿੱਚ ਸਸਤੀ ਵਸਤੂ ਖਰੀਦਣ ਨੂੰ ਪਹਿਲ ਦਿੰਦਾ ਹੈ। ਇਸ ਦਾ ਸਿੱਧਾ ਨਤੀਜਾ ਇਹ ਨਿਕਲਦਾ ਹੈ ਕਿ ਸ਼ੁੱਧ ਮਾਲ ਤਿਆਰ ਕਰਨ ਵਾਲੇ ਕਿਸਾਨ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ ਅਤੇ ਉਹ ਮੰਡੀ ਦੇ ਇਸ ਬੇਈਮਾਨੀ ਭਰੇ ਅਸੰਤੁਲਨ ਕਾਰਨ ਲਗਾਤਾਰ ਘਾਟੇ ਦਾ ਸ਼ਿਕਾਰ ਹੁੰਦਾ ਜਾਂਦਾ ਹੈ। ਆਖਰਕਾਰ, ਉਹ ਆਪਣਾ ਕਾਰੋਬਾਰ ਬੰਦ ਕਰਨ ਲਈ ਮਜਬੂਰ ਹੋ ਜਾਂਦਾ ਹੈ। ਇਹ ਸਿਰਫ਼ ਖਪਤਕਾਰਾਂ ਦੀ ਸਿਹਤ ਤੱਕ ਸੀਮਤ ਮੁੱਦਾ ਨਹੀਂ ਹੈ, ਸਗੋਂ ਇਹ ਕਿਸਾਨੀ ਦੇ ਵਜੂਦ, ਉਸਦੀ ਇਮਾਨਦਾਰੀ ਅਤੇ ਰੋਜ਼ੀ-ਰੋਟੀ 'ਤੇ ਸਿੱਧਾ ਡਾਕਾ ਹੈ।

**ਨਕਲੀ ਖਾਦਾਂ ਅਤੇ ਠੱਗੀ ਦਾ ਜਾਲ; ਸਹਿਕਾਰੀ ਸਭਾਵਾਂ ਦੀ ਲਾਪਰਵਾਹੀ ਅਤੇ ਕਿਸਾਨਾਂ ਦੀ ਲੁੱਟ** : ਜਿੱਥੇ ਇੱਕ ਪਾਸੇ ਮੰਡੀ ਵਿੱਚ ਨਕਲੀ ਡੇਅਰੀ ਉਤਪਾਦ ਵੇਚ ਕੇ ਕਿਸਾਨ ਦੀ ਲੱਕ ਤੋੜੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਖੇਤਾਂ ਵਿੱਚ ਫਸਲ ਪਾਲਣ ਲਈ ਲਿਆਂਦੀਆਂ ਜਾਂਦੀਆਂ ਖਾਦਾਂ ਵਿੱਚ ਵੀ ਕਿਸਾਨਾਂ ਨਾਲ ਸ਼ਰੇਆਮ ਧੋਖਾਧੜੀ ਹੋ ਰਹੀ ਹੈ। ਪੰਜਾਬ ਦੇ ਮੱਲ੍ਹੀ ਸ਼ਹੀਦ (ਛੱਜਾਵਾਲ) ਖੇਤਰ ਦੀ ਬਹੁ-ਮੰਤਵੀ ਸਹਿਕਾਰੀ ਸਭਾ ਦਾ ਸਾਹਮਣੇ ਆਇਆ ਤਾਜ਼ਾ ਮਾਮਲਾ ਇਸ ਬੇਈਮਾਨੀ ਦਾ ਪ੍ਰਤੱਖ ਪ੍ਰਮਾਣ ਹੈ, ਜਿੱਥੇ IAPL ਕੰਪਨੀ ਵੱਲੋਂ ਸਪਲਾਈ ਕੀਤੇ ਗਏ 'ਇੱਟਾਂ ਵਰਗੇ' ਪੱਥਰ ਹੋ ਚੁੱਕੇ ਡੀ.ਏ.ਪੀ. (DAP) ਗਟਿਆਂ ਨੇ ਕਿਸਾਨਾਂ ਨੂੰ ਖੱਜਲ-ਖੁਆਰ ਕਰਕੇ ਰੱਖ ਦਿੱਤਾ। 45 ਤੋਂ 50 ਕਿੱਲੋ ਦੇ ਇਨ੍ਹਾਂ ਗੱਟਿਆਂ ਵਿੱਚੋਂ ਖਾਦ ਦੀ ਥਾਂ ਢੇਲੇ ਅਤੇ ਇੱਟਾਂ ਦੇ ਰੋੜੇ ਨਿਕਲ ਰਹੇ ਹਨ, ਜਿਨ੍ਹਾਂ ਨੂੰ ਘੋਲਣ ਲਈ ਕਿਸਾਨਾਂ ਨੂੰ ਡੰਡਿਆਂ ਨਾਲ ਭੰਨਣਾ ਪੈ ਰਿਹਾ ਹੈ। ਜਦੋਂ ਕਿਸਾਨ ਪਹਿਲਾਂ ਹੀ ਮਹਿੰਗਾਈ ਦੀ ਮਾਰ ਹੇਠ ਹਨ, ਉਦੋਂ ਸਰਕਾਰੀ ਜਾਂ ਅਰਧ-ਸਰਕਾਰੀ ਪ੍ਰਣਾਲੀ ਰਾਹੀਂ ਅਜਿਹੀ ਖਰਾਬ ਅਤੇ ਨਕਲੀ ਖਾਦ ਮੁਹੱਈਆ ਕਰਵਾਉਣਾ ਕਿਸਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ। ਸਹਿਕਾਰੀ ਸਭਾਵਾਂ ਅਤੇ ਸਬੰਧਤ ਵਿਭਾਗਾਂ ਦੀ ਅਜਿਹੀ ਲਾਪਰਵਾਹੀ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਜੇਕਰ ਖੇਤਾਂ ਵਿੱਚ ਪਾਉਣ ਵਾਲੀ ਖਾਦ ਹੀ ਨਕਲੀ ਜਾਂ ਬੇਕਾਰ ਹੋਵੇਗੀ, ਤਾਂ ਕਿਸਾਨ ਆਪਣੀ ਫਸਲ ਤੋਂ ਚੰਗੀ ਉਪਜ ਦੀ ਆਸ ਕਿਵੇਂ ਰੱਖ ਸਕਦਾ ਹੈ ?

**ਫਸਲੀ ਵਿਭਿੰਨਤਾ ਦਾ ਭੁਲੇਖਾ; ਬਿਨਾਂ ਗਾਰੰਟੀ ਦੇ ਜੋਖਮ ਚੁੱਕਣ ਦੀ ਚੁਣੌਤੀ** : ਸਰਕਾਰਾਂ, ਖੇਤੀਬਾੜੀ ਵਿਗਿਆਨੀ ਅਤੇ ਚਿੰਤਕ ਲਗਾਤਾਰ ਪੰਜਾਬ ਨੂੰ ਝੋਨੇ ਅਤੇ ਕਣਕ ਦੇ ਰਵਾਇਤੀ ਚੱਕਰ ਵਿੱਚੋਂ ਬਾਹਰ ਕੱਢਣ ਲਈ ਫਸਲੀ ਵਿਭਿੰਨਤਾ (Crop Diversification) ਅਪਣਾਉਣ ਦੀਆਂ ਵੱਡੀਆਂ-ਵੱਡੀਆਂ ਨਸੀਹਤਾਂ ਦਿੰਦੇ ਹਨ। ਕਿਸਾਨਾਂ ਨੂੰ ਬਾਗਬਾਨੀ, ਸਬਜ਼ੀਆਂ, ਮਸਾਲੇ, ਮਧੂ-ਮੱਖੀ ਪਾਲਣ ਅਤੇ ਡੇਅਰੀ ਫਾਰਮਿੰਗ ਵੱਲ ਰੁਖ਼ ਕਰਨ ਲਈ ਕਿਹਾ ਜਾਂਦਾ ਹੈ। ਪਰ ਇੱਥੇ ਕਿਸਾਨ ਦਾ ਸਵਾਲ ਬਹੁਤ ਹੀ ਵਾਜਬ ਹੈ ਇਸ ਬਦਲਾਅ ਦੀ ਗਾਰੰਟੀ ਕੌਣ ਦੇਵੇਗਾ ? ਜੇਕਰ ਇੱਕ ਕਿਸਾਨ ਆਪਣੀ ਜਮ੍ਹਾਂ ਪੂੰਜੀ ਲਗਾ ਕੇ ਰਸਾਇਣ ਮੁਕਤ (Organic) ਸਬਜ਼ੀਆਂ ਜਾਂ ਫਲ ਉਗਾਉਂਦਾ ਹੈ, ਤਾਂ ਮੰਡੀ ਵਿੱਚ ਉਸਨੂੰ ਉਹੀ ਭਾਅ ਮਿਲਦਾ ਹੈ ਜੋ ਜ਼ਹਿਰੀਲੀਆਂ ਦਵਾਈਆਂ ਨਾਲ ਤਿਆਰ ਕੀਤੀ ਫਸਲ ਦਾ ਹੁੰਦਾ ਹੈ। ਜਦੋਂ ਤੱਕ ਬਦਲਵੀਆਂ ਫਸਲਾਂ ਲਈ ਨਿਸ਼ਚਿਤ, ਭਰੋਸੇਯੋਗ ਅਤੇ ਸਮਰਥਨ ਮੁੱਲ (MSP) ਵਾਲਾ ਬਾਜ਼ਾਰ ਪ੍ਰਦਾਨ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕਿਸਾਨ ਲਈ ਝੋਨੇ-ਕਣਕ ਦੀ ਸੁਰੱਖਿਅਤ ਖਰੀਦ ਨੂੰ ਛੱਡਣਾ ਇੱਕ ਬਹੁਤ ਵੱਡਾ ਘਾਤਕ ਜੋਖਮ ਬਣਿਆ ਰਹੇਗਾ।

**ਸਫਲਤਾ ਦੀਆਂ ਵਿਰਲੀਆਂ ਮਿਸਾਲਾਂ; ਮੁਕਤਸਰ ਦੇ ਕਿਸਾਨ ਦਾ ਪ੍ਰੇਰਨਾਦਾਇਕ ਮਾਡਲ** : ਇਸ ਘੋਰ ਨਿਰਾਸ਼ਾਜਨਕ ਮਾਹੌਲ ਵਿੱਚ ਵੀ ਕੁਝ ਸਥਾਨਕ ਉਦਮੀ ਕਿਸਾਨ ਆਪਣੀ ਸੂਝ-ਬੂਝ ਅਤੇ ਹਿੰਮਤ ਨਾਲ ਸਫਲਤਾ ਦੀਆਂ ਨਵੀਆਂ ਪਾਰਦਰਸ਼ੀ ਮਿਸਾਲਾਂ ਕਾਇਮ ਕਰ ਰਹੇ ਹਨ। ਸ਼੍ਰੀ ਮੁਕਤਸਰ ਸਾਹਿਬ ਦੇ ਪਿੰਡ ਸੁਖਨਾ ਅਬਲੂ ਦੇ ਕਿਸਾਨ ਬਲਵਿੰਦਰ ਸਿੰਘ ਸੰਧੂ ਦੀ ਕਹਾਣੀ ਇਸ ਦੀ ਇੱਕ ਪ੍ਰਤੱਖ ਅਤੇ ਰਾਹ ਦਸਾਊ ਉਦਾਹਰਣ ਹੈ। ਉਨ੍ਹਾਂ ਨੇ ਮਾਤਰ ਦੋ ਏਕੜ ਤੋਂ ਬਾਗਬਾਨੀ ਦੀ ਸ਼ੁਰੂਆਤ ਕਰਕੇ ਅੱਜ ਵੀਹ ਏਕੜ ਖੇਤਰ ਵਿੱਚ ਵਿਭਿੰਨ ਫਸਲਾਂ ਦੀ ਜੈਵਿਕ ਖੇਤੀ (ਪ੍ਰੀਤ ਐਗਰੋ ਨੇਚਰ ਵੇਅ ਫਾਰਮ) ਫੈਲਾ ਲਈ ਹੈ। ਅੱਜ ਉਹ ਪੈਂਤੀ ਤੋਂ ਚਾਲੀ ਤਰ੍ਹਾਂ ਦੇ ਫਲ, ਮਸਾਲੇ ਅਤੇ ਖੇਤੀਬਾੜੀ ਉਤਪਾਦ ਤਿਆਰ ਕਰਕੇ ਆਪਣੇ ਫਾਰਮ ਤੋਂ ਸਿੱਧੇ ਖਪਤਕਾਰਾਂ ਨੂੰ ਵੇਚ ਰਹੇ ਹਨ। ਸਿੱਧੀ ਵਿਕਰੀ ਪ੍ਰਣਾਲੀ ਨਾਲ ਉਨ੍ਹਾਂ ਨੇ ਵਿਚੋਲਿਆਂ ਦਾ ਜਾਲ ਤੋੜਿਆ ਹੈ ਅਤੇ ਆਪਣੀ ਆਮਦਨ ਵਿੱਚ ਤਿੰਨ ਗੁਣਾ ਤੱਕ ਵਾਧਾ ਕੀਤਾ ਹੈ।

**ਸਾਧਨਹੀਣ ਕਿਸਾਨਾਂ ਦੀਆਂ ਮਜਬੂਰੀਆਂ; ਆਮ ਕਿਸਾਨ ਲਈ ਸਿੱਧੀ ਵਿਕਰੀ ਦਾ ਅਸੰਭਵ ਸਫ਼ਰ** : ਹਾਲਾਂਕਿ, ਇੱਕ ਮੀਡੀਆ ਵਿਸ਼ਲੇਸ਼ਕ ਦੇ ਤੌਰ 'ਤੇ ਇਹ ਸਮਝਣਾ ਅਤਿਅੰਤ ਜ਼ਰੂਰੀ ਹੈ ਕਿ ਬਲਵਿੰਦਰ ਸਿੰਘ ਵਰਗਾ ਮਾਡਲ ਪੰਜਾਬ ਦੇ ਹਰ ਆਮ, ਛੋਟੇ ਅਤੇ ਸੀਮਾਂਤ ਕਿਸਾਨ ਲਈ ਰਾਤੋ-ਰਾਤ ਅਪਣਾਉਣਾ ਸੰਭਵ ਨਹੀਂ ਹੈ। ਖੇਤ ਤੋਂ ਸਿੱਧੇ ਖਪਤਕਾਰ ਤੱਕ ਪਹੁੰਚਣ (Farm to Table) ਲਈ ਬਹੁਤ ਵੱਡੀ ਆਰਥਿਕ ਪੂੰਜੀ, ਪ੍ਰੋਸੈਸਿੰਗ ਯੂਨਿਟ, ਕੋਲਡ ਸਟੋਰੇਜ ਸੁਵਿਧਾਵਾਂ, ਮਾਰਕੀਟਿੰਗ, ਬਰਾਂਡਿੰਗ ਅਤੇ ਗਾਹਕਾਂ ਦਾ ਵਿਸ਼ਵਾਸ ਜਿੱਤਣ ਵਿੱਚ ਸਾਲਾਂ ਦਾ ਸਮਾਂ ਲੱਗਦਾ ਹੈ। ਪੰਜਾਬ ਦੇ ਬਹੁਗਿਣਤੀ ਛੋਟੇ ਕਿਸਾਨਾਂ ਕੋਲ ਇੰਨੇ ਆਰਥਿਕ ਸਾਧਨ ਅਤੇ ਸਮਰੱਥਾ ਨਹੀਂ ਹੈ। ਇਸ ਲਈ ਸਿਰਫ਼ ਏਅਰ-ਕੰਡੀਸ਼ਨਡ ਕਮਰਿਆਂ ਵਿੱਚ ਬੈਠ ਕੇ "ਫਸਲ ਬਦਲੋ" ਦਾ ਨਾਅਰਾ ਦੇਣਾ ਕਾਫ਼ੀ ਨਹੀਂ ਹੈ, ਸਗੋਂ ਸਰਕਾਰ ਨੂੰ ਅਜਿਹੀ ਆਧਾਰਭੂਤ ਪ੍ਰਣਾਲੀ ਅਤੇ ਸਰਕਾਰੀ ਮੰਡੀਕਰਨ ਦਾ ਢਾਂਚਾ ਤਿਆਰ ਕਰਨਾ ਪਵੇਗਾ ਜੋ ਛੋਟੇ ਤੋਂ ਛੋਟੇ ਕਿਸਾਨ ਨੂੰ ਵੀ ਉਸਦੀ ਮਿਹਨਤ ਦਾ ਯੋਗ ਮੁੱਲ ਦਿਵਾ ਸਕੇ।

**ਕੁਦਰਤ ਦੀ ਮਾਰ ਅਤੇ ਆਰਥਿਕ ਬੋਝ; ਖੇਤੀ ਦਾ ਲਗਾਤਾਰ ਘਾਟੇ ਦਾ ਸੌਦਾ ਬਣਨਾ** : ਕੁਦਰਤ ਦੀ ਅਨਿਸ਼ਚਿਤਤਾ ਅਤੇ ਮੰਡੀ ਦੇ ਸ਼ੋਸ਼ਣ ਵਿਚਕਾਰ ਪਿਸ ਰਹੇ ਕਿਸਾਨ ਦਾ ਜੀਵਨ ਇੱਕ ਨਿਰੰਤਰ ਰੋਜ਼ਾਨਾ ਦਾ ਜੂਆ ਬਣ ਕੇ ਰਹਿ ਗਿਆ ਹੈ। ਕਦੇ ਬਿਜਾਈ ਵੇਲੇ ਸੋਕੇ ਦੀ ਸਥਿਤੀ, ਕਦੇ ਪੱਕਣ ਵੇਲੇ ਬੇਮੌਸਮੀ ਬਾਰਿਸ਼, ਹੜ੍ਹ, ਗੜੇਮਾਰੀ ਅਤੇ ਫਸਲਾਂ 'ਤੇ ਨਵੀਆਂ ਬਿਮਾਰੀਆਂ ਜਾਂ ਕੀੜਿਆਂ ਦੇ ਹਮਲੇ ਪਲ ਭਰ ਵਿੱਚ ਕਿਸਾਨ ਦੀ ਛੇ ਮਹੀਨਿਆਂ ਦੀ ਕਮਾਈ ਤਬਾਹ ਕਰ ਦਿੰਦੇ ਹਨ। ਦੂਜੇ ਪਾਸੇ ਡੀਜ਼ਲ, ਖਾਦਾਂ, ਬੀਜਾਂ, ਕੀਟਨਾਸ਼ਕਾਂ ਅਤੇ ਮਸ਼ੀਨਰੀ ਦੇ ਲਗਾਤਾਰ ਵਧ ਰਹੇ ਭਾਅ ਨੇ ਖੇਤੀ ਦੀ ਲਾਗਤ ਨੂੰ ਅਸਮਾਨੀ ਪਹੁੰਚਾ ਦਿੱਤਾ ਹੈ। ਇੱਕ ਨੌਕਰੀਪੇਸ਼ਾ ਵਿਅਕਤੀ ਦੀ ਮਹੀਨਾਵਾਰ ਆਮਦਨ ਨਿਸ਼ਚਿਤ ਹੁੰਦੀ ਹੈ, ਪਰ ਕਿਸਾਨ ਸਾਰਾ ਸਾਲ ਖੇਤ ਵਿੱਚ ਦਿਨ-ਰਾਤ ਬਲਦ ਵਾਂਗ ਖਪਣ ਤੋਂ ਬਾਅਦ ਵੀ ਇਹ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਫਸਲ ਚੁੱਕ ਕੇ ਘਰ ਲਿਆਉਣ ਤੋਂ ਬਾਅਦ ਉਸਦੀ ਲਾਗਤ ਵੀ ਵਾਪਸ ਮੁੜੇਗੀ ਜਾਂ ਨਹੀਂ।

**ਖੁਦਕੁਸ਼ੀਆਂ ਦਾ ਦੁਖਾਂਤ; ਸਿਆਸੀ ਬਿਆਨਬਾਜ਼ੀ ਵਿੱਚ ਗੁੰਮ ਹੁੰਦਾ ਅੰਨਦਾਤਾ ਦਾ ਦਰਦ** : ਜਦੋਂ ਲਾਗਤ ਵਧ ਜਾਂਦੀ ਹੈ, ਫਸਲ ਮੰਡੀ ਵਿੱਚ ਕੌਡੀ ਦੇ ਭਾਅ ਵਿਕਦੀ ਹੈ ਜਾਂ ਕੁਦਰਤੀ ਆਫ਼ਤ ਨਾਲ ਤਬਾਹ ਹੋ ਜਾਂਦੀ ਹੈ, ਤਾਂ ਸਿਰ 'ਤੇ ਚੜ੍ਹਦੇ ਕਰਜ਼ੇ ਦਾ ਅਸਹਿ ਬੋਝ ਕਿਸਾਨ ਨੂੰ ਮਾਨਸਿਕ ਤੌਰ 'ਤੇ ਉਸ ਮੋੜ 'ਤੇ ਪਹੁੰਚਾ ਦਿੰਦਾ ਹੈ ਜਿੱਥੇ ਖੁਦਕੁਸ਼ੀ ਵਰਗਾ ਦੁਖਦ ਅਤੇ ਭਿਆਨਕ ਕਦਮ ਹੀ ਉਸਨੂੰ ਆਖਰੀ ਰਸਤਾ ਪ੍ਰਤੀਤ ਹੁੰਦਾ ਹੈ। ਖੇਤੀਬਾੜੀ ਖੇਤਰ ਵਿੱਚ ਹੋ ਰਹੀਆਂ ਇਹ ਨਿਰੰਤਰ ਖੁਦਕੁਸ਼ੀਆਂ ਸਿਰਫ਼ ਸਰਕਾਰੀ ਅੰਕੜੇ ਜਾਂ ਫਾਈਲਾਂ ਦੇ ਪੰਨੇ ਨਹੀਂ ਹਨ, ਸਗੋਂ ਇਹ ਜਿਉਂਦੇ-ਜਾਗਦੇ ਹੱਸਦੇ-ਵਸਦੇ ਪਰਿਵਾਰਾਂ ਦੇ ਉਜਾੜੇ, ਅਨਾਥ ਹੋਏ ਬੱਚਿਆਂ ਅਤੇ ਵਿਧਵਾਵਾਂ ਦੀਆਂ ਦਰਦਨਾਕ ਦਾਸਤਾਨਾਂ ਹਨ। ਸਭ ਤੋਂ ਵੱਡਾ ਦੁੱਖ ਇਹ ਹੈ ਕਿ ਹਰ ਅਜਿਹੀ ਘਟਨਾ ਤੋਂ ਬਾਅਦ ਕੁਝ ਦਿਨ ਸਿਆਸੀ ਬਿਆਨਬਾਜ਼ੀ, ਦੋਸ਼-ਦੋਸ਼ਾਰੋਪਣ ਅਤੇ ਮੀਡੀਆ ਦੀਆਂ ਸੁਰਖੀਆਂ ਬਣਦੀਆਂ ਹਨ, ਪਰ ਕੁਝ ਸਮੇਂ ਬਾਅਦ ਸਭ ਕੁਝ ਭੁਲਾ ਦਿੱਤਾ ਜਾਂਦਾ ਹੈ ਅਤੇ ਕਿਸਾਨ ਦੀ ਜੂਨ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ।

**ਢਾਂਚਾਗਤ ਸੁਧਾਰਾਂ ਦੀ ਲੋੜ; ਸਿਸਟਮ ਵਿੱਚ ਨਿਸ਼ਚਿਤ ਬਦਲਾਅ ਲਈ ਜ਼ਰੂਰੀ ਕਦਮ** : ਜੇਕਰ ਅਸੀਂ ਸੱਚਮੁੱਚ ਪੰਜਾਬ ਦੀ ਖੇਤੀਬਾੜੀ, ਗ੍ਰਾਮੀਣ ਅਰਥਵਿਵਸਥਾ ਅਤੇ ਕਿਸਾਨੀ ਨੂੰ ਇਸ ਡੂੰਘੇ ਬਹੁਪੱਖੀ ਸੰਕਟ ਵਿੱਚੋਂ ਬਾਹਰ ਕੱਢਣਾ ਚਾਹੁੰਦੇ ਹਾਂ ਤਾਂ ਸਾਨੂੰ ਰਵਾਇਤੀ ਨੀਤੀਆਂ ਨੂੰ ਛੱਡ ਕੇ ਵਿਆਪਕ ਅਤੇ ਸਖ਼ਤ ਸੁਧਾਰ ਕਰਨ ਦੀ ਲੋੜ ਹੈ। **ਮਿਲਾਵਟਖੋਰੀ ਵਿਰੁੱਧ ਜ਼ੀਰੋ-ਟੋਲਰੈਂਸ**: ਨਕਲੀ ਦੁੱਧ, ਕੈਮੀਕਲ ਵਾਲਾ ਪਨੀਰ ਅਤੇ ਮਿਲਾਵਟੀ ਘਿਓ ਬਣਾਉਣ ਵਾਲੇ ਗੈਂਗਾਂ ਵਿਰੁੱਧ ਸਖ਼ਤ ਕਾਨੂੰਨ ਬਣਾ ਕੇ ਫਾਸਟ-ਟਰੈਕ ਅਦਾਲਤਾਂ ਰਾਹੀਂ ਤੁਰੰਤ ਸਜ਼ਾਵਾਂ ਦਿੱਤੀਆਂ ਜਾਣ। ਇਸ ਨਾਲ ਸ਼ੁੱਧ ਉਤਪਾਦ ਤਿਆਰ ਕਰਨ ਵਾਲੇ ਕਿਸਾਨਾਂ ਲਈ ਬਾਜ਼ਾਰ ਵਿੱਚ ਬਰਾਬਰ ਅਤੇ ਵਾਜਬ ਮੌਕਾ ਬਣੇਗਾ।

**ਬਦਲਵੀਆਂ ਫਸਲਾਂ 'ਤੇ MSP ਦੀ ਗਾਰੰਟੀ**: ਝੋਨੇ-ਕਣਕ ਤੋਂ ਇਲਾਵਾ ਹੋਰਨਾਂ ਫਲਾਂ, ਸਬਜ਼ੀਆਂ, ਦਾਲਾਂ ਅਤੇ ਮਸਾਲਿਆਂ ਲਈ ਵੀ ਨਿਸ਼ਚਿਤ ਸਰਕਾਰੀ ਖਰੀਦ ਪ੍ਰਣਾਲੀ ਅਤੇ ਸਮਰਥਨ ਮੁੱਲ ਦਾ ਕਾਨੂੰਨੀ ਅਧਿਕਾਰ ਦਿੱਤਾ ਜਾਵੇ।

**ਕਿਸਾਨ ਉਤਪਾਦਕ ਸੰਗਠਨਾਂ (FPOs) ਨੂੰ ਮਜ਼ਬੂਤੀ**: ਪਿੰਡ ਪੱਧਰ 'ਤੇ ਛੋਟੇ ਕਿਸਾਨਾਂ ਦੇ ਸਮੂਹ ਬਣਾ ਕੇ ਉਨ੍ਹਾਂ ਨੂੰ ਸਰਕਾਰੀ ਸਬਸਿਡੀ 'ਤੇ ਪ੍ਰੋਸੈਸਿੰਗ, ਪੈਕੇਜਿੰਗ, ਬ੍ਰਾਂਡਿੰਗ ਅਤੇ ਕੋਲਡ ਚੇਨ ਸੁਵਿਧਾਵਾਂ ਉਪਲਬਧ ਕਰਵਾਈਆਂ ਜਾਣ।


**ਤੁਰੰਤ ਅਤੇ ਪਾਰਦਰਸ਼ੀ ਮੁਆਵਜ਼ਾ**: ਕੁਦਰਤੀ ਆਫ਼ਤਾਂ ਜਾਂ ਬਿਮਾਰੀਆਂ ਕਾਰਨ ਹੋਏ ਫਸਲੀ ਨੁਕਸਾਨ ਦਾ ਅੰਕੜਿਆਂ ਦੀ ਖੇਡ ਤੋਂ ਮੁਕਤ ਹੋ ਕੇ ਕਿਸਾਨਾਂ ਨੂੰ ਤੁਰੰਤ ਅਤੇ ਪੂਰਾ ਭੁਗਤਾਨ ਕੀਤਾ ਜਾਵੇ।

**ਖਪਤਕਾਰ ਜਾਗਰੂਕਤਾ**: ਆਮ ਜਨਤਾ ਵਿੱਚ ਇਹ ਜਾਗਰੂਕਤਾ ਫੈਲਾਈ ਜਾਵੇ ਕਿ ਸਸਤੇ ਦੇ ਚੱਕਰ ਵਿੱਚ ਨਕਲੀ ਅਤੇ ਜ਼ਹਿਰੀਲੀਆਂ ਵਸਤੂਆਂ ਖਰੀਦਣ ਨਾਲੋਂ ਸ਼ੁੱਧ ਅਤੇ ਕਿਸਾਨ ਤੋਂ ਸਿੱਧੀਆਂ ਖਰੀਦੀਆਂ ਵਸਤੂਆਂ ਉਨ੍ਹਾਂ ਦੀ ਸਿਹਤ ਅਤੇ ਦੇਸ਼ ਦੀ ਅਰਥਵਿਵਸਥਾ ਦੋਵਾਂ ਲਈ ਲਾਹੇਵੰਦ ਹਨ।

**ਕਿਸਾਨ ਦੀ ਸੁਰੱਖਿਆ ਹੀ ਖਪਤਕਾਰ ਦੀ ਸਿਹਤ ਦੀ ਗਾਰੰਟੀ ਹੈ** : ਅੰਤ ਵਿੱਚ ਇਹ ਸਪੱਸ਼ਟ ਹੈ ਕਿ ਅੱਜ ਦਾ ਕਿਸਾਨ ਇੱਕੋ ਸਮੇਂ ਕਈ ਮੋਰਚਿਆਂ 'ਤੇ ਜੰਗ ਲੜ ਰਿਹਾ ਹੈ ਓਹ ਬਦਲਦੇ ਮੌਸਮ, ਡਿੱਗਦੇ ਧਰਤੀ ਹੇਠਲੇ ਪਾਣੀ, ਵਧਦੀ ਮਹਿੰਗਾਈ, ਮੰਡੀ ਦੇ ਵਿਚੋਲਿਆਂ ਅਤੇ ਹੁਣ ਬਾਜ਼ਾਰ ਦੀ ਬੇਈਮਾਨ ਮਿਲਾਵਟਖੋਰੀ ਨਾਲ ਵੀ ਇਕੱਲਾ ਨਿਪਟ ਰਿਹਾ ਹੈ। "ਜੈ ਜਵਾਨ, ਜੈ ਕਿਸਾਨ" ਦੇ ਨਾਅਰੇ ਤਦ ਹੀ ਸਾਰਥਕ ਹੋ ਸਕਦੇ ਹਨ ਜਦੋਂ ਅੰਨਦਾਤਾ ਨੂੰ ਉਸਦੀ ਮਿਹਨਤ ਦਾ ਸਨਮਾਨਜਨਕ ਮੁੱਲ ਮਿਲੇਗਾ ਅਤੇ ਉਸਦੀ ਜ਼ਿੰਦਗੀ ਜੂਨ ਭੋਗਣ ਤੋਂ ਮੁਕਤ ਹੋਵੇਗੀ। ਜੇਕਰ ਦੇਸ਼ ਨੂੰ ਸ਼ੁੱਧ, ਸੁਰੱਖਿਅਤ ਅਤੇ ਸਿਹਤਮੰਦ ਖੁਰਾਕ ਚਾਹੀਦੀ ਹੈ, ਤਾਂ ਸਭ ਤੋਂ ਪਹਿਲਾਂ ਸਾਨੂੰ ਉਸ ਹੱਥ ਨੂੰ ਮਜ਼ਬੂਤੀ, ਸੁਰੱਖਿਆ ਅਤੇ ਸਨਮਾਨ ਦੇਣਾ ਪਵੇਗਾ ਜੋ ਇਸ ਦੇਸ਼ ਦਾ ਪੇਟ ਭਰਨ ਲਈ ਦਿਨ-ਰਾਤ ਮਿੱਟੀ ਨਾਲ ਮਿੱਟੀ ਹੁੰਦਾ ਹੈ।

# ਸਾਹਿਤਕ ਪੰਨਾ

## ਫੁੱਲ ਤਿਤਲੀਆਂ ਬੱਚੇ



ਇਕ ਦਿਨ ਦੇਖਿਆ ਬਾਗ਼ ਚ ਜਾ ਕੇ
ਚਹੁੰ ਪਾਸੇ ਮੈਂ ਨਜ਼ਰ ਘੁਮਾ ਕੇ
ਨਾ ਕੋਈ ਹੱਸੇ ਨਾ ਕੋਈ ਗਾਵੇ
ਸਭ ਫੁੱਲ ਬੈਠੇ ਮੂੰਹ ਲਟਕਾ ਕੇ

ਮੈਂ ਪੁੱਛਿਆ ਕਿਸ ਗੱਲੋਂ ਉਦਾਸ
ਗੇਂਦੇ ਨੇ ਗੱਲ ਕੀਤੀ ਸਾਫ਼
ਕਹਿੰਦਾ ਜੇ ਨਾ ਤਿੱਤਲੀ ਆਵੇ
ਨਾ ਕੋਈ ਹੱਸੇ ਨਾ ਕੋਈ ਗਾਵੇ

ਤਿੱਤਲੀ ਬਿਨਾਂ ਹਾਂ ਅਸੀਂ ਅਧੂਰੇ
ਉਹਦੀ ਚਹੋ ਨਾਲ ਖਿੜਦੇ ਪੂਰੇ
ਏਨੇ ਨੂੰ ਕਿਸੇ ਦਰ ਖੜਕਾਇਆ
ਡੇਲੀਆ ਇੱਕ ਖੁਸ਼ਖ਼ਬਰੀ ਲਿਆਇਆ

ਆ ਗਈ ਵੀਰੋ ਭੈਣ ਦੁਲਾਰੀ
ਪਰ ਉਦਾਸ ਹੈ ਸੂਰਤ ਪਿਆਰੀ
ਸਭ ਨੇ ਪੁੱਛਿਆ ਕੀ ਗੱਲ ਹੋਗੀ
ਦਸ ਕਹਾਣੀ ਖੋਲ੍ਹ ਕੇ ਸਾਰੀ
ਤਿੱਤਲੀ ਬੋਲੀ ---

ਇਕ ਦਿਨ ਬੱਚਿਆਂ ਫੜਨਾ ਚਾਹਿਆ
ਕਿਸੇ ਨੇ ਇੱਕ ਡੰਡਾ ਲਹਿਰਾਇਆ
ਖਹਿ ਕੇ ਲੰਘਿਆ ਖੰਭਾਂ ਨਾਲ
ਆਪਣਾ ਆਪ ਮੈਂ ਮਸਾਂ ਬਚਾਇਆ

ਚੁਸਤੀ ਨਾਲ ਬਚਾ ਲਿਆ ਚਿਹਰਾ
ਪਰ ਜ਼ਖ਼ਮੀ ਖੰਭ ਹੋ ਗਿਆ ਮੇਰਾ
ਚੱਕਰ ਖਾ ਕੇ ਧਰਤ ਤੇ ਡਿੱਗੀ
ਅੱਖਾਂ ਮੂਹਰੇ ਛਾ ਗਿਆ ਹਨ੍ਹੇਰਾ

ਉਹਦੀ ਮਾਂ ਨੇ ਚਾਂਟਾ ਲਾਇਆ
ਸਾਰੇ ਬੱਚਿਆਂ ਨੂੰ ਸਮਝਾਇਆ
ਕਹਿੰਦੀ ਮੰਗੋ ਮਾਫ਼ੀ ਸਾਰੇ
ਸਭ ਨੇ ਕੰਨਾਂ ਨੂੰ ਹੱਥ ਲਾਇਆ

ਬੱਚੇ ਸੀ ਮੈਂ ਕਰਤਾ ਮਾਫ
ਪਰ ਇੱਕ ਗੱਲ ਮੈਂ ਆਖੀ ਸਾਫ਼
ਕਦੇ ਕਿਸੇ ਨੂੰ ਤੰਗ ਨਾ ਕਰਨਾ
ਹਿੰਸਾ ਦੇ ਸਭ ਰਹੋ ਖ਼ਿਲਾਫ਼

ਕਰਿਓ ਨਾ ਮੁੜ ਐਸੀ ਭੁੱਲ
ਮੈਂ ਮਰਗੀ ਨਾ ਖਿੜਨ ਫੁੱਲ
ਫੁੱਲ ਤਿੱਤਲੀਆਂ ਬੱਚੇ ਸਾਰੇ
ਹੱਸਦੇ ਰਹਿਣ ਤਾਂ ਲੱਗਣ ਪਿਆਰੇ

ਮਾਸਟਰ ਪ੍ਰੇਮ ਸਰੂਪ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਗੜ੍ਹ ਖੋਖਰ
ਪਿੰਡ ਛਾਜਲੀ ਜ਼ਿਲ੍ਹਾ ਸੰਗਰੂਰ
9417134982

## ਲੋਕ



ਰੈਪੀ ਰਾਜੀਵ
ਫ਼ਗਵਾੜਾ
9501001070

ਜੋ ਮੋਹਰੇ ਬੋਲ ਜਾਂਦਾ ਉਸ ਤੋ ਕੋਹਾ ਦੂਰ ਭੱਜਦੇ ਨੇ
ਜਿਸ ਤੇ ਜ਼ੋਰ ਚੱਲ ਜਾਂਦਾ ਉਸ ਤੇ ਚਲਾਉਦੇ ਨੇ ਲੋਕ

ਪਿਆਰ ਪਿਉਰ ਕੇਸਾ ਇਹ ਕਾਹਦੇ ਖ਼ੂਨ ਦੇ ਰਿਸ਼ਤੇ ਨੇ
ਨੇੜੇ ਜਾਈਏ ਤਾ ਖਾਲੀ ਬਸ ਦੂਰੋ ਚੰਗੇ ਦਿਸਦੇ ਨੇ
ਜੋ ਤਰੱਕੀਆ ਕਰ ਜਾਂਦਾ ਉਸਨੂੰ ਥੱਲੇ ਲਾਉਦੇ ਨੇ ਲੋਕ
ਜਿਸ ਤੇ ਜ਼ੋਰ ਚੱਲ ਜਾਂਦਾ ਉਸ ਤੇ ਚਲਾਉਦੇ ਨੇ ਲੋਕ
1
ਆ ਵੀ ਕਰਕੇ ਉਹ ਵੀ ਕਰਕੇ ਹੀ ਚੰਗੇ ਲੱਗਾਗੇ
ਕਹਿੰਦੇ ਫੇਰ ਹੀ ਤਾ ਕਿਸੇ ਭੋਲੇ ਭਾਲੇ ਨੂੰ ਠੱਗਾਗੇ
ਬਸ ਆਪਣੇ ਮਤਲਬ ਲਈ ਭੱਜੇ ਭੱਜੇ ਆਉਂਦੇ ਨੇ ਲੋਕ
ਜਿਸ ਤੇ ਜ਼ੋਰ ਚੱਲ ਜਾਂਦਾ ਉਸ ਤੇ ਚਲਾਉਦੇ ਨੇ ਲੋਕ
2
ਜਿਸਨੇ ਵੇਖੀ ਹੁੰਦੀ ਗਰੀਬੀ ਉਹ ਔਕਾਤ ਵਿੱਚ ਰਹਿੰਦਾ ਏ
ਹੀਰੇ ,ਸੋਨੇ ,ਚਾਦੀ ਨਾਲ ਉਸਨੂੰ ਕੋਈ ਫਰਕ ਨਾ ਪੈਂਦਾ ਏ
ਚੋਰੀਆ,ਠੱਗੀਆ ਕਰਕੇ ਰੈਪੀ ਵੱਡੇ ਅਖਵਾਉਦੇ ਨੇ ਲੋਕ
ਜਿਸ ਤੇ ਜ਼ੋਰ ਚੱਲ ਜਾਂਦਾ ਉਸ ਤੇ ਚਲਾਉਦੇ ਨੇ ਲੋਕ
3

ਨੇਕੀ ਕਰਕੇ ਵੀ ਕਈ ਵਾਰ ਪਛਤਾਉਣਾ ਪੈਂਦਾ ਏ
ਕਲਯੁਗ ਵਿੱਚ ਦੋਸਤਾ ਕੱਲੇ ਹੀ ਰੋਣਾ ਪੈਂਦਾ ਏ
ਜਦ ਮਤਲਬ ਨਿਕਲ ਜਾਂਦਾ ਫੇਰ ਨਾ ਬਲਾਉਦੇ ਨੇ ਲੋਕ
ਜਿਸ ਤੇ ਜ਼ੋਰ ਚੱਲ ਜਾਂਦਾ ਉਸ ਤੇ ਚਲਾਉਦੇ ਨੇ ਲੋਕ
4
ਜਿਸ ਰਾਹ ਤੋਰਿਆ ਉਹਨਾਂ ਉਸ ਰਾਹ ਚੱਲਦੇ ਰਹੇ
ਬੜੀਆਂ ਗੱਲਾਂ ਜਿਹੜੇ ਕਰਦੇ ਸੀ ਇੱਕ ਨਾ ਗੱਲ ਤੇ ਰਹੇ

ਹੁਣ ਸਮਝ ਆ ਗਈ ਏ ਸਾਥੋ ਕੀ ਚਾਹੁੰਦੇ ਨੇ ਲੋਕ
ਜਿਸ ਤੇ ਜ਼ੋਰ ਚੱਲ ਜਾਂਦਾ ਉਸ ਤੇ ਚਲਾਉਦੇ ਨੇ ਲੋਕ

## ਸ਼ਹੀਦ ਪ੍ਰਭਜੋਤ ਸਿੰਘ ਬੂੜਾ ਗੁੱਜਰ

ਇਹ ਪਿੰਡ ਤੇਰੇ ਦੀਆਂ ਰਾਹਵਾਂ ਹੁਣ ਸੁੰਨੀਆਂ ਲੱਗਦੀਆਂ ਨੇ
ਘਰ ਆਉਣੇ ਦੇ ਤੇਰੇ ਪੈਣ ਭੁਲੇਖੇ ਜਦ ਹਵਾਵਾਂ ਵਗਦੀਆਂ ਨੇ
ਮੁਕਤਸਰ ਦੇ ਪਿੰਡ ਬੂੜਾ ਗੁੱਜਰ ਦਾ ਪੱਤਾ ਪੱਤਾ ਰੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ.....

ਸ਼ਹੀਦ ਪ੍ਰਭਜੋਤ ਸਰਦਾਰ ਹਰਦੀਪ ਸਿਉਂ ਦਾ ਇਕੱਲਾ ਪੁੱਤ ਸੀ
ਓ ਰੱਬਾ ਉਹਦੀ ਅਜੇ ਜਾਵਣ ਦੀ ਦੱਸ ਇਹ ਕਿਹੜੀ ਰੁੱਤ ਸੀ
ਕਿਵੇਂ ਸੌਣਗੇ ਉਹ ਜਿੰਨਾਂ ਦੀਆਂ ਅੱਖਾਂ ਦਾ ਤਾਰਾ ਖੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ.....

ਅਜੇ ਤਾਂ ਚੰਗੇ ਵਕਤਾਂ ਨੇ ਹੁਣੇ ਪੈਰ ਉਸਦੇ ਬਰੂਹਾਂ ਤੇ ਪਾਏ ਸੀ
ਕੁੱਝ ਸਮਾਂ ਪਹਿਲਾਂ ਹੋਏ ਵਿਆਹ ਵੇਲੇ ਗੀਤ ਖੁਸ਼ੀ ਦੇ ਗਾਏ ਸੀ
ਡਾਢਿਆ ਤੂੰ ਤਰਸ ਨਾ ਕੀਤਾ ਸਾਰਾ ਮੁਲਖ਼ ਹੰਝੂ ਚੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ.....

ਧੰਨ ਜਿਗਰੇ ਫੌਜੀ ਵੀਰਾਂ ਦੇ ਕਿ ਐਣੇ ਦੁਖੜੇ ਜਰਨੇ ਪੈਂਦੇ ਨੇ
ਮੁਲਖ਼ ਤੇ ਆਵੇ ਦੁੱਖ ਕੋਈ ਨਾ ਖੁਸ਼ੀਆਂ ਖੇੜੇ ਹਰਨੇ ਪੈਂਦੇ ਨੇ
ਇੱਕ ਧੰਨ ਮਾਪੇ ਜਿੰਨ੍ਹਾਂ ਦਾ ਪੁੱਤ ਚੜ੍ਹੀ ਜਵਾਨੀ ਸੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ.....

ਸ਼ਬਦ ਨਾ ਬਚਦੇ ਸਾਉਂਕੇ ਦੇ ਕੋਲ ਕਿਵੇਂ ਸਿਜਦਾ ਥੋਨੂੰ ਕਰੀਏ
ਸਰਹੱਦਾਂ ਤੇ ਤੁਸੀਂ ਰਾਖੀ ਕਰਦੇ ਤਾਂ ਹੀ ਅਸੀਂ ਨੀਂਦਰ ਧਰੀਏ
ਜੋਬਨ ਰੁੱਤੇ ਐਂਵੇ ਰੁਖਸਤ ਹੋ ਜਾਣਾ ਦਿਲਾਂ ਨੂੰ ਟੋਹ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ.....

*-ਤਲਵਿੰਦਰ ਨਿੱਝਰ ਸਾਉਂਕੇ*
*94173-86547*
*ਤਲਵਿੰਦਰ ਨਿੱਝਰ ਸਾਉਂਕੇ ਪਿੰਡ: ਸਾਉਂਕੇ*
*ਡਾਕਖਾਨਾ: ਰਾਮਨਗਰ ਤਹਿਸੀਲ: ਮਲੋਟ*

## ਕਹਾਣੀ

# ਅਸ਼ੀਰਵਾਦ

ਬਲਵਿੰਦਰ 'ਬਾਲਮ'

ਮੈਂ ਇਕ ਸ਼ਾਦੀ 'ਤੇ ਗਿਆ ਤੇ ਸ਼ਗਨ ਦੀ ਰਸਮ ਅਦਾ ਕਰਨ ਤੋਂ ਬਾਅਦ ਉਥੇ ਭੋਜਨ ਹਾਲ ਵਿਚ ਭੋਜਨ ਸ਼ੁਰੂ ਕਰਨ ਲਈ ਪਲੇਟ ਚੁੱਕਣ ਲੱਗਾ ਤਾਂ ਇਕ ਨਿਰਬਲ, ਪਤਲੇ ਦੁਬਲੇ ਲੜਕੇ ਨੇ ਨਮਸਕਾਰ ਕਰਦੇ ਹੋਏ ਮੇਰੇ ਪੈਰੀਂ ਹੱਥ ਲਾਇਆ। ਮੈਂ ਉਸਨੂੰ ਅਸ਼ੀਰਵਾਦ ਤਾਂ ਦੇ ਦਿੱਤਾ ਪਰ ਪਹਿਚਾਣ ਨਾ ਸਕਿਆ। ਸੋਚਿਆ ਕੋਈ ਜਾਣ-ਪਹਿਚਾਣ ਵਾਲਾ ਹੋਵੇਗਾ। ਮੇਰੀ ਸੋਚ ਦੀ ਪਕੜ ਵਿਚ ਉਹ ਆਇਆ ਨਹੀਂ। ਖ਼ੈਰ! ਮੈਂ ਭੋਜਨ ਵਾਸਤੇ ਪਲੇਟ ਚੁੱਕਣ ਲਈ ਅੱਗੇ ਵਧਿਆ ਤਾਂ ਉਸ ਲੜਕੇ ਨੇ ਬੜੇ ਇਤਮੀਨਾਨ ਨਾਲ, ਪਿਆਰ ਸਤਿਕਾਰ ਨਾਲ, ਥੋੜ੍ਹਾ ਮੁਸਕਰਾਂਦੇ ਹੋਏ, ਅਪਣਤੱਵ ਭਰੇ ਭਾਵ ਨਾਲ ਇਕ ਪਲੇਟ ਚੁੱਕੀ, ਮੋਢੇ 'ਤੇ ਰੱਖੇ ਤੋਲੀਏ ਨਾਲ ਉਸਨੂੰ ਸਾਫ਼ ਕੀਤਾ, ਥੋੜ੍ਹਾ ਮੁਨਾਸਿਬ ਸਲਾਦ ਅਤੇ ਇਕ ਚਮਚਾ ਮੈਨੂੰ ਦਿੰਦੇ ਹੋਏ ਸਤਿਕਾਰ ਨਾਲ ਕਿਹਾ, "ਸਰ, ਐ ਲਓ।" ਅਤੇ ਜਲਦੀ-ਜਲਦੀ ਜਾਂਦਾ ਹੋਇਆ ਉਹ ਇਕ ਬਹਿਰੇ ਨੂੰ ਕਹਿ ਗਿਆ ਕਿ ਸਰ ਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਹੋਵੇ ਤਾਂ ਧਿਆਨ ਨਾਲ ਇੱਥੇ ਹੀ ਦੇ ਦੇਣਾ। ਭੀੜ ਕਾਫ਼ੀ ਸੀ। ਮੈਂ ਉਸਨੂੰ ਪਹਿਚਾਣ ਨਾ ਸਕਿਆ ਅਤੇ ਨਾ ਹੀ ਪੁੱਛ ਸਕਿਆ ਕਿ ਬੇਟਾ, ਤੁਸੀਂ ਕੌਣ ਹੋ? ਮੈਂ ਭੋਜਨ ਤਾਂ ਕਰ ਲਿਆ ਪਰ ਮੇਰਾ ਮਨ ਉਸ ਲੜਕੇ ਦੇ ਬਾਰੇ ਹੀ ਸੋਚ ਮਗਨ ਰਿਹਾ। ਆਖ਼ਿਰ ਵਿਚ ਮੈਂ ਉਸ ਬਹਿਰੇ ਕੋਲੋਂ ਹੀ ਪੁੱਛਿਆ, "ਬੇਟਾ, ਉਹ ਲੜਕਾ ਕਿੱਥੇ ਹੈ? ਜੋ ਮੇਰੇ ਬਾਰੇ ਤੁਹਾਨੂੰ ਕਹਿ ਕੇ ਚਲਾ ਗਿਆ ਸੀ।" ਉਸ ਬਹਿਰੇ ਨੇ ਕਿਹਾ, "ਸਰ, ਉਹ ਉਥੇ ਨਾਨ ਬਣਾ ਰਿਹਾ ਏ।" ਮੈਂ ਉਸਦੇ ਕੋਲ ਗਿਆ, ਉਹ ਤਪਾਕ ਨਾਲ ਸਾਰਾ ਕੰਮ ਛੱਡਕੇ ਤੌਲੀਏ ਨਾਲ ਹੱਥ ਸਾਫ਼ ਕਰਦਾ ਹੋਇਆ ਮੇਰੇ ਕੋਲ ਆ ਗਿਆ। ਆਉਂਦੇ ਹੀ ਉਸਨੇ ਨਿਮਰਤਾ ਭਾਵ ਨਾਲ ਕਿਹਾ, "ਸਰ, ਤੁਸੀਂ ਮੈਨੂੰ ਪਹਿਚਾਣਿਆ ਨਹੀਂ।" ਮੈਂ ਮਸਤਕ ਵਿਚ ਅਤੀਤ ਦੇ ਦਰਪਣ 'ਚੋਂ ਝਾਂਕਦੇ ਹੋਏ ਅਸਫ਼ਲ ਕੋਸ਼ਿਸ਼ ਦੇ ਬਾਅਦ ਉਸਨੂੰ ਕਿਹਾ, "ਬੇਟੇ, ਨਹੀਂ। ਮੈਂ ਤੁਹਾਨੂੰ ਪਹਿਚਾਣਿਆ ਨਹੀਂ।" ਉਸਨੇ ਅੱਖਾਂ ਵਿਚ ਨਮੀ ਭਰਦੇ ਹੋਏ ਕਿਹਾ, "ਸਰ, ਮੈਂ ਦੀਪੂ ਹਾਂ। ਤੁਹਾਡੇ ਕੋਲੋਂ ਪੜ੍ਹਦਾ ਰਿਹਾ ਹਾਂ, ਸਰ।" ਮੈਂ ਉਸਦਾ ਨਾਂਅ ਸੁਣਦੇ ਹੀ ਹੈਰਾਨ ਰਹਿ ਗਿਆ। ਮੇਰੇ ਮਸਤਕ ਵਿਚ ਉਹ ਦਿਨ ਚੱਲ-ਚਿੱਤਰ ਦੀ ਤਰ੍ਹਾਂ ਦੌੜਣ ਲੱਗੇ। ਮੈਂ ਹੈਰਾਨ ਹੋ ਕੇ ਕਿਹਾ, "ਬੇਟੇ, ਤੁਸੀਂ ਨਾਨ ਬਣਾ ਰਹੇ ਹੋ? ਤੁਸੀਂ ਤਾਂ ਏਨੇਂ ਹੋਣਹਾਰ, ਹੁਸ਼ਿਆਰ ਲੜਕੇ ਸੀ। ਹਰ ਇਮਤਿਹਾਨ 'ਚੋਂ ਤੁਸੀਂ ਮੈਰਿਟ ਵਿਚ ਆਇਆ ਕਰਦੇ ਸੀ। ਅੱਠਵੀਂ ਕਲਾਸ ਦੀ ਬੋਰਡ ਦੀ ਪ੍ਰੀਖਿਆ ਵਿਚ ਮੈਰਿਟ ਸੂਚੀ ਵਿਚ ਤੁਹਾਡਾ ਨਾਂਅ ਸੀ। ਤੁਸੀਂ ਇਹ ਕੀ ਹੁਲੀਆ ਬਣਾ ਰੱਖਿਆ ਏ। ਇਸ ਚਿਹਰੇ 'ਤੇ ਹੁਣੇ ਹੀ ਝੁਰੜੀਆਂ, ਉਪਰਾਮਤਾ, ਬੁਝੀਆਂ-ਬੁਝੀਆਂ ਬੋਝਲ ਅੱਖਾਂ, ਕੀ ਹੋ ਗਿਆ ਏ ਤੁਹਾਨੂੰ? ਤੁਸੀਂ ਅੱਗੇ ਪੜ੍ਹੇ ਨਹੀਂ? ਮੈਂ ਤਾਂ ਸੋਚਦਾ ਸਾਂ ਕਿ ਤੁਸੀਂ ਇਕ ਦਿਨ ਬਹੁਤ ਵੱਡੇ ਪਦਅਧਿਕਾਰੀ ਬਣੋਂਗੇ।" ਮੈਂ ਉਸਦੇ ਗੰਦੇ ਰੁੱਖੇ-ਸੁੱਕੇ ਵਾਲਾਂ 'ਤੇ ਹੱਥ ਫੇਰਦੇ ਹੋਏ ਕਿਹਾ, "ਤੁਸੀਂ ਅੱਗੇ ਕਿਉਂ ਨਹੀਂ ਪੜ੍ਹੇ?"

ਉਸਨੇ ਮੇਰਾ ਹੱਥ ਫੜ ਲਿਆ, ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਸਕੂਲ ਵਿਚ ਫੜ੍ਹ ਲਿਆ ਕਰਦਾ ਸੀ, ਕਿਸੇ ਸਮੱਸਿਆ ਦੇ ਹੱਲ ਦੇ ਬਾਰੇ ਪੁੱਛਦੇ ਸਮੇਂ, ਅਤੇ ਡੁਸਕਦੇ ਹੋਏ ਕਹਿਣ ਲੱਗਾ, "ਸਰ, ਕੀ ਦੱਸਾਂ? ਅੱਠਵੀਂ ਕਲਾਸ ਪਾਸ ਕਰਕੇ ਮੈਂ ਦੂਸਰੇ ਸਕੂਲ ਚਲਾ ਗਿਆ ਸੀ। ਦਸਵੀਂ ਕਲਾਸ ਕਰਨ ਦੇ ਬਾਅਦ ਜਦ ਮੈਂ ਗਿਆਰਵੀਂ ਕਲਾਸ ਵਿਚ ਦਾਖਿਲਾ ਲੈਕੇ ਇਕ ਹੋਰ ਸਕੂਲ ਦਾਖਿਲ ਹੋਇਆ ਪਰ ਕਿਸਮਤ ਦੀ ਵਿਡੰਭਨਾ ਕਿ ਇਕ ਮਹੀਨੇ ਅੰਦਰ ਹੀ ਇਕ ਦਿਨ ਪਿਤਾ ਜੀ ਸ਼ਾਮ ਨੂੰ ਮਜ਼ਦੂਰੀ ਕਰਕੇ ਸਾਈਕਲ 'ਤੇ ਆ ਰਹੇ ਸੀ ਕਿ ਇਕ ਸ਼ਰਾਬੀ ਟਰੱਕ ਵਾਲੇ ਨੇ ਉਨ੍ਹਾਂ ਨੂੰ ਕੁਚਲ ਦਿੱਤਾ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਏ। ਟਰੱਕ ਦਾ ਪਤਾ ਹੀ ਨਹੀਂ ਚੱਲਿਆ। ਅਜੇ ਇਕ ਸਦਮਾ ਭੁੱਲਿਆ ਨਹੀਂ ਸੀ ਕਿ ਦੋ ਮਹੀਨਿਆਂ ਦੇ ਬਾਅਦ ਹੀ ਮਾਤਾ ਜੀ ਹਾਰਟ ਅਟੈਕ ਨਾਲ ਪੂਰੀ ਹੋ ਗਈ। ਇਸ ਨਾਲ ਘਰ ਵਿਚ ਇਕ ਛੋਟੀ ਭੈਣ ਅਤੇ ਇਕ ਛੋਟੇ ਭਰਾ ਦੀ ਦੇਖਰੇਖ ਦੀ ਜ਼ੁੰਮੇਵਾਰੀ ਮੇਰੇ ਮੋਢਿਆਂ 'ਤੇ ਆ ਪਈ। ਸਰ, ਸਭ ਰਿਸ਼ਤੇਦਾਰਾਂ ਨੇ, ਸਕੇ-ਸਬੰਧੀਆਂ ਨੇ ਸਾਥ ਛੱਡ ਦਿੱਤਾ। ਸਰ, ਇਸ ਮੁਸੀਬਤ ਵਿਚ ਕੋਈ ਨਾ ਬਣਿਆ। ਕਿਸੇ ਨੇ ਸਾਥ ਨਾ ਦਿੱਤਾ। ਅਸੀਂ ਤਿੰਨੋਂ ਭਰਾ ਭੈਣ, ਰਾਤ ਰਾਤ ਭਰ ਮਾਂ ਅਤੇ ਪਿਤਾ ਜੀ ਨੂੰ ਯਾਦ ਕਰ ਕਰਕੇ ਰੋਂਦੇ ਰਹਿੰਦੇ। ਘਰ ਵਿਚ ਸਾਡੇ ਹਿੱਸੇ ਦਾ ਕੇਵਲ ਇਕ ਹੀ ਕਮਰਾ ਸੀ। ਕਿਉਂਕਿ ਦੋ ਚਾਚੇ ਸਨ ਉਹ ਵੀ ਮਿਹਨਤ ਮਜ਼ਦੂਰੀ ਦਿਹਾੜੀ ਧੱਪਾ ਹੀ ਕਰਦੇ ਸੀ। ਰੋਟੀ ਚਲਾਉਣ ਲਈ ਕੋਈ ਨਾ ਕੋਈ ਕੰਮ ਤਾਂ ਕਰਨਾ ਹੀ ਸੀ। ਮਜ਼ਬੂਰਨ ਇਸ ਕੰਮ ਨਾਲ ਸੰਤੋਸ਼ ਕਰਨਾ ਪਿਆ। ਇਹ ਹਲਵਾਈ ਸਾਡੇ ਪਿੰਡ ਦਾ ਹੈ। ਪੰਜਾਹ ਰੁਪਏ ਦਿਹਾੜੀ ਉਤੇ ਮੈਂ ਇਸ ਨਾਲ ਕੰਮ ਕਰਦਾ ਹਾਂ। ਜਦੋਂ ਕੋਈ ਕੰਮ ਹੁੰਦਾ ਹੈ, ਇਸਦੇ ਨਾਲ ਕੰਮ ਕਰਨ ਆ ਜਾਂਦਾ ਹਾਂ। ਲਗਭਗ ਦੋ ਸਾਲਾਂ ਤੋਂ ਇਹ ਕੰਮ ਕਰਦਾ ਆ ਰਿਹਾ ਹਾਂ।"

ਮੈਂ ਦੀਪੂ ਨੂੰ ਪਿਆਰ ਨਾਲ ਗਲੇ ਲਗਾ ਲਿਆ ਅਤੇ ਆਪਣੇ ਦਿਲ ਹੀ ਦਿਲ ਵਿਚ ਸੰਕਲਪ ਲੈ ਲਿਆ ਕਿ ਦੀਪੂ ਨੂੰ ਪੜ੍ਹਾਵਾਂਗਾ। ਅਧਿਆਪਕ ਦਾ ਫਰਜ਼ ਹੁੰਦਾ ਹੈ ਕਿ ਉਹ ਹੋਣਹਾਰ ਵਿਦਿਆਰਥੀਆਂ ਦੀ ਮਦਦ ਕਰੇ। ਸਾਧਨ ਵਿਹੀਨ ਵਿਦਿਆਰਥੀਆਂ ਦਾ ਮਾਰਗ ਦਰਸ਼ਕ ਬਣਕੇ ਉਨ੍ਹਾਂ ਦੇ ਭਵਿੱਖ ਨੂੰ ਉਜੱਵਲ ਬਣਾਉਣ ਦੀ ਕੋਸ਼ਿਸ਼ ਕਰੇ। "ਦੀਪੂ ਬੇਟੇ, ਤੁਸੀਂ ਅੱਗੇ ਪੜ੍ਹ ਸਕਦੇ ਹੋ। ਮੈਂ ਚਾਹੁੰਦਾ ਹਾਂ ਤੁਸੀਂ ਇਸ ਕੰਮ ਦੇ ਨਾਲ-ਨਾਲ ਪ੍ਰਾਈਵੇਟ ਪੜ੍ਹੋ। ਮੈਂ ਤੁਹਾਡੀ ਮਦਦ ਕਰਾਂਗਾ। ਤੁਸੀਂ ਕਿਸੇ ਦਿਨ ਮੇਰੇ ਘਰ ਆਉਣਾ।" ਮੈਂ ਉਸਨੂੰ ਪਤਾ ਸਮਝਾ ਦਿੱਤਾ। ਉਹ ਮੇਰੀ ਗੱਲ ਮੰਨ ਗਿਆ। ਮੈਂ ਉਸਨੂੰ ਅਸ਼ੀਰਵਾਦ ਦੇ ਕੇ ਵਾਪਿਸ ਘਰ ਆ ਗਿਆ।

ਮੈਂ ਸ਼ਾਮ ਨੂੰ ਘਰ ਦੇ ਵਿਹੜੇ ਵਿਚ ਬੈਠਾ ਇਕ ਪੁਸਤਕ ਪੜ੍ਹ ਰਿਹਾ ਸਾਂ। ਬਾਹਰ ਬੈਲੱ ਹੋਈ, ਮੈਂ ਗੇਟ ਖੋਲ੍ਹਿਆ, ਤਾਂ ਦੀਪੂ। ਇਕ ਆਸ ਦੀ ਕਿਰਨ ਲਈ, ਜ਼ਿੰਦਗੀ ਦਾ ਸੰਕਲਪ ਲਈ। ਉਸ ਦੀਆਂ ਅੱਖਾਂ ਵਿਚ ਇਕ ਚਮਕ ਜਹੀ ਦਿਖਾਈ ਦਿੱਤੀ, ਜੋ ਭਵਿੱਖ ਨੂੰ ਰੌਸ਼ਨ ਕਰਨਾ ਚਾਹੁੰਦੀ ਹੈ।

ਮੈਂ ਪਤਨੀ ਨੂੰ ਆਵਾਜ਼ ਦੇ ਕੇ ਚਾਹ ਬਣਵਾਈ। ਗੱਲਾਂਬਾਤਾਂ ਦੇ ਸਿਲਸਿਲੇ ਦੇ ਨਾਲ-ਨਾਲ ਅਸੀਂ ਦੋਵਾਂ ਨੇ ਚਾਹ ਪੀਤੀ। ਉਸਨੂੰ ਮੈਂ ਕੁਝ ਮਹਾਨ ਵਿਅਕਤੀਆਂ ਦੀ ਜੀਵਨਸ਼ੈਲੀ ਦੇ ਬਾਰੇ ਵਿਚ ਦੱਸਿਆ। ਸ੍ਰੀ ਲਾਲ ਬਹਾਦੁਰ ਸ਼ਾਸਤਰੀ, ਸਿੱਖ ਗੁਰੂਆਂ, ਰੂਸੋ, ਦੀਦਰੋ ਆਦਿ ਦੀਆਂ ਜੀਵਨੀਆਂ, ਉਨ੍ਹਾਂ ਦੇ ਸੰਕਲਪ, ਉਨ੍ਹਾਂ ਦੀ ਸਮਾਜ ਨੂੰ ਦੇਣ ਆਦਿ ਬਾਰੇ ਵਿਚ ਦੱਸ ਕੇ ਮੈਂ ਉਸਦੇ ਦਿਲ ਵਿਚ ਭਵਿੱਖ ਨੂੰ ਉਜੱਵਲ ਬਣਾਉਣ ਦਾ ਬੀਜ, ਬੀਜ ਦਿੱਤਾ, ਜਿਸਨੂੰ ਉਸਨੇ ਅੰਤਰਆਤਮਾ ਨਾਲ ਸਵੀਕਾਰ ਕਰ ਲਿਆ ਮੈਂ ਕੱਪੜੇ ਬਦਲੇ। ਦੀਪੂ ਅਤੇ ਮੈਂ ਬਾਜ਼ਾਰ ਗਏ। ਉਥੋਂ ਗਿਆਰਵੀਂ ਕਲਾਸ ਦੀਆਂ ਪੁਸਤਕਾਂ ਖ਼ਰੀਦੀਆਂ ਅਤੇ ਉਸਦਾ ਪ੍ਰਾਈਵੇਟ ਦਾਖਿਲਾ ਭਰ ਦਿੱਤਾ। ਪੁਸਤਕਾਂ ਦਿੰਦੇ ਹੋਏ ਉਸਨੂੰ ਮੈਂ ਫਿਰ ਸਮਝਾਇਆ ਸੀ। "ਜ਼ਿੰਦਗੀ ਦਾ ਅਰਥ ਕੀ ਹੈ? ਦੀਪੂ, ਜ਼ਿੰਦਗੀ ਵਿਚ ਹਮੇਸ਼ਾ ਇਨਸਾਨ ਨੂੰ ਆਸ਼ਾਵਾਦੀ ਹੋਣਾ ਚਾਹੀਦਾ ਹੈ। ਬੇਟਾ, ਨਿਰਾਸ਼ਾਵਾਦੀ ਲੋਕ ਤਰੱਕੀ ਨਹੀਂ ਕਰਦੇ। ਉਨ੍ਹਾਂ ਦੇ ਫੁੱਲਾਂ ਵਿਚ ਖੁਸ਼ਬੂਅ ਨਹੀਂ ਹੁੰਦੀ ਆਦਿ।" ਦੀਪੂ ਨੇ ਜਾਂਦੇ ਸਮੇਂ ਪ੍ਰਣ ਕੀਤਾ, "ਮੈਂ ਪੜ੍ਹਾਂਗਾ।" ਉਸਨੇ ਮੇਰੇ ਪੈਰੀਂ ਹੱਥ ਲਾਇਆ ਅਤੇ ਭਵਿੱਖ ਦੀ ਦਹਿਲੀਜ਼ 'ਤੇ ਖ਼ੂਬਸੂਰਤ ਪ੍ਰਾਪਤੀਆਂ ਦੇ ਬੰਦਨਵਾਰ ਸਜਾਉਣ ਲਈ ਚੱਲ ਪਿਆ ਮੰਜ਼ਿਲ ਵੱਲ।

ਦੀਪੂ ਹਲਵਾਈ ਦੇ ਕੰਮ ਦੇ ਨਾਲ-ਨਾਲ ਦਿਲ ਲਗਾ ਕੇ ਪੜ੍ਹਦਾ। ਹਲਵਾਈ ਦਾ ਕੰਮ ਰੋਜ਼ ਨਹੀਂ ਮਿਲਦਾ ਸੀ। ਕਿਸੇ ਸਮਾਗਮ ਜਾਂ ਵਿਆਹ ਸ਼ਾਦੀ 'ਤੇ ਹੀ ਕੰਮ ਮਿਲਦਾ ਸੀ ਉਸਨੂੰ। ਬਾਕੀ ਸਮਾਂ ਉਹ ਪੜ੍ਹਦਾ ਅਤੇ ਛੋਟੇ ਭੈਣ-ਭਰਾ ਨੂੰ ਵੀ ਨਾਲ-ਨਾਲ ਪੜ੍ਹਾਉਂਦਾ। ਜ਼ਰੂਰਤ ਪੈਣ 'ਤੇ ਕਦੀ-ਕਦੀ ਮੇਰੇ ਨਾਲ ਸਲਾਹ-ਮਸ਼ਵਰਾ ਕਰਨ ਲਈ ਆਉਂਦਾ-ਜਾਂਦਾ ਰਹਿੰਦਾ।

ਸਮੇਂ ਦਾ ਘੋੜਾ ਦੌੜਦਾ ਗਿਆ। ਸਮੇਂ ਦਾ ਸੂਰਜ ਉਸਦਾ ਹੈ ਜੋ ਉਸਨੂੰ ਅਪਣਾ ਲਏ। ਸਮੇਂ ਦੇ ਨਾਲ ਜੋ ਚੱਲਦੇ ਹਨ ਉਹ ਹੀ ਸਮੇਂ ਦੇ ਦੇਵਤਾ ਅਖਵਾਉਂਦੇ ਹਨ। ਸੂਰਜ ਦੀ ਤਰ੍ਹਾਂ ਜੋ ਚੱਲਦੇ ਹਨ ਉਹ ਹੀ ਮਹਾਨਤਾ ਦੇ ਪਰਵ ਬਣਦੇ ਹਨ।

ਦੀਪੂ ਨੇ ਗਿਆਰਵੀਂ ਅਤੇ ਬਾਰਵੀਂ ਪਹਿਲੀ ਸ਼੍ਰੇਣੀ ਵਿਚ ਪਾਸ ਕਰ ਲਈ ਸੀ। ਅਗਲੇ ਮਹੀਨੇ ਇਕ ਅਖ਼ਬਾਰ ਵਿਚ ਜੇ.ਬੀ.ਟੀ. ਅਧਿਆਪਕਾਂ ਦੇ ਦੋ ਸਾਲਾ ਕੋਰਸ ਦਾ ਮੈਂ ਵਿਗਿਆਪਨ ਪੜ੍ਹਿਆ। ਉਸਦਾ ਮੈਂ ਫ਼ਾਰਮ ਭਰਵਾ ਦਿੱਤਾ। ਉਸਨੂੰ ਮੈਰਿਟ ਵਿਚ ਦਾਖਿਲਾ ਮਿਲ ਗਿਆ। ਹਲਵਾਈ ਦੇ ਕੰਮ ਦੇ ਨਾਲ-ਨਾਲ ਉਹ ਹੁਣ ਸਵੇਰੇ-ਸਵੇਰੇ ਅਖ਼ਬਾਰਾਂ ਵੰਡਣ ਦਾ ਕੰਮ ਵੀ ਕਰਨ ਲੱਗਾ ਸੀ। ਸਮਾਂ ਕਿੰਝ ਬੀਤਿਆ ਪਤਾ ਹੀ ਨਾ ਚੱਲਿਆ। ਇਸੇ ਸਮੇਂ ਦੌਰਾਨ ਮੇਰਾ ਤਬਾਦਲਾ ਕਿਸੇ ਦੂਸਰੇ ਸ਼ਹਿਰ ਹੋ ਗਿਆ। ਦੀਪੂ ਨੂੰ ਮੈਂ ਦੱਸਿਆ ਸੀ, "ਮੇਰੀ ਤਰੱਕੀ ਹੋ ਕੇ ਬਦਲੀ ਹੋ ਗਈ ਹੈ। ਦੂਸਰੀ ਗੱਲ ਇਹ ਹੈ ਕਿ ਦੀਪੂ, ਮੈਂ ਆਪਣੇ ਹੀ ਘਰ ਚਲਿਆ ਗਿਆ ਹਾਂ। ਕਿਸੇ ਵੀ ਚੀਜ਼ ਦੀ ਜ਼ਰੂਰਤ ਪਵੇ ਤਾਂ ਮੈਨੂੰ ਯਾਦ ਕਰ ਲੈਣਾ ਜਾਂ ਮੇਰੇ ਕੋਲ ਆ ਜਾਣਾ। ਦੇਖੋ ਬੇਟਾ, ਜ਼ਿੰਦਗੀ ਕੋਈ ਏਨੀਂ ਲੰਬੀ ਨਹੀਂ ਹੈ, ਝਟਕੀ ਨਾਲ ਬੀਤ ਜਾਂਦੀ ਹੈ ਜ਼ਿੰਦਗੀ। ਮੈਂ ਹੁਣ ਕਿੰਨੇ ਸਾਲਾਂ ਦਾ ਹੋ ਗਿਆ ਹਾਂ। ਚੱਲ, ਤੂੰ ਹੀ ਆਪਣੀ ਉਮਰ ਨੂੰ ਲੈ-ਲੈ, ਕੀ ਏਦਾਂ ਨਹੀਂ ਲੱਗਦਾ ਕਿ ਏਨੇਂ ਸਾਲ ਝਟਕੀ ਨਾਲ ਬੀਤ ਗਏ ਹਨ। ਬਸ, ਸਮੇਂ ਨੂੰ ਬੰਨ ਲਵੋ ਮਿਹਨਤ ਦੇ ਆਂਚਲ ਨਾਲ ਫਿਰ ਇਹ ਧਰਤੀ, ਇਹ ਆਸਮਾਨ ਤੁਹਾਡਾ ਹੈ।" ਉਸਨੂੰ ਸਮਝਾਂਦੇ ਹੋਏ ਮੈਂ ਘਰ ਦਾ ਪਤਾ ਦੇ ਦਿੱਤਾ।

ਜਿਸ ਦਿਨ ਮੈਂ ਜਾਣਾ ਸੀ ਦੀਪੂ ਸਾਨੂੰ ਬੱਸ ਸਟੈਂਡ 'ਤੇ ਛੱਡਣ ਆਇਆ ਸੀ। ਪੈਰੀਂ ਹੱਥ ਲਾ ਕੇ ਗਲੇ ਮਿਲਿਆ। ਅੱਖਾਂ ਵਿਚ ਹੰਝੂ ਭਰ ਲਏ। "ਸਰ" ਕਹਿ ਕੇ ਉਸਨੇ ਅੱਗੇ ਦੇ ਸ਼ਬਦ ਰੋਕ ਲਏ, ਜਿਨ੍ਹਾਂ ਨੂੰ ਮੈਂ ਸਮਝ ਗਿਆ ਸੀ। ਮੈਂ ਉਸਨੂੰ ਤਰੱਕੀ ਭਰਿਆ ਅਸ਼ੀਰਵਾਦ ਦਿੱਤਾ ਅਤੇ ਕਿਹਾ, "ਦੀਪੂ ਪੜ੍ਹਾਈ ਨਾ ਛੱਡਣਾ। ਤੁਸੀਂ ਇਕ ਦਿਨ ਮਹਾਨ ਵਿਅਕਤੀ ਬਣ ਸਕਦੇ ਹੋ। ਦੇਖੋ ਬੇਟਾ, ਮਸਤਕ ਇਕ ਐਸੀ ਧਰਤੀ ਹੈ ਜਿਸ ਵਿਚ ਨਿਸ਼ਟਾ ਪੂਰਵਕ ਮਿਹਨਤ ਨਾਲ ਕੋਈ ਵੀ ਫ਼ਸਲ ਉਗਾਈ ਜਾ ਸਕਦੀ ਹੈ।"

ਮੈਂ ਆਪਣੇ ਸ਼ਹਿਰ ਆ ਗਿਆ। ਦੀਪੂ ਦੇ ਪਿੰਡ ਤੋਂ ਮੇਰਾ ਸ਼ਹਿਰ ਕੋਈ 150 ਕਿਲੋਮੀਟਰ ਦੂਰ ਸੀ।

ਮੈਂ ਹੁਣ ਸੇਵਾ ਮੁਕਤ ਹੋ ਗਿਆ ਸਾਂ। ਦੀਪੂ ਦਾ ਖ਼ਿਆਲ ਵੀ ਮਨ 'ਚੋਂ ਓਝਲ ਹੋ ਗਿਆ ਸੀ। ਘਰੇਲੂ ਜ਼ੁੰਮੇਵਾਰੀਆਂ ਵਿਚ, ਰਿਸ਼ਤਿਆਂ ਨਾਤਿਆਂ ਵਿਚ, ਸਮਾਜ ਵਿਚ ਰਹਿ ਕੇ ਇਨਸਾਨ ਕੀ-ਕੀ ਭੁੱਲ ਜਾਂਦਾ ਹੈ, ਕੁਝ ਪਤਾ ਨਹੀਂ ਚੱਲਦਾ। ਵੈਸੇ ਵੀ ਵਧਦੀ ਉਮਰ ਦੇ ਤਕਾਜ਼ੇ ਵਿਚ ਯਾਦ ਦਾਸ਼ਤ - ਸਮਰਣ ਸ਼ਕਤੀ ਘੱਟ ਹੋ ਜਾਂਦੀ ਹੈ। ਨਜ਼ਰ ਘਟ ਜਾਂਦੀ ਹੈ। ਅੱਖਾਂ ਦਾ ਫੈਲਾਵ ਕੰਨਾਂ ਨੂੰ ਛੂਹਣ ਲੱਗਦਾ ਹੈ। ਸਰੀਰ ਵਿਚ ਪਹਿਲੇ ਵਾਲੀ ਸ਼ਕਤੀ ਨਹੀਂ ਰਹਿੰਦੀ। ਮੇਰੇ ਸਾਰੇ ਵਾਲ ਸਫ਼ੇਦ ਹੋ ਚੁੱਕੇ ਸਨ। ਚਿਹਰੇ 'ਤੇ ਝੁਰੜੀਆਂ ਦਾ ਰਾਜ ਸੀ। ਦੰਦ ਵੀ ਕੁਝ ਹੀ ਬਾਕੀ ਬਚੇ ਸਨ। ਸੇਵਾ ਮੁਕਤ ਹੋਇਆਂ ਕੋਈ ਦਸ ਸਾਲ ਹੋ ਗਏ ਸਨ।

ਇਕ ਦਿਨ ਮੈਂ ਪੈਨਸ਼ਨ ਲੈਣ ਲਈ ਬੈਂਕ ਵਿਚ ਗਿਆ। ਕੁਝ ਲੇਟ ਹੋ ਗਿਆ ਸਾਂ। ਬੈਂਕ ਵਿਚ ਪਹੁੰਚਿਆ ਤਾਂ ਇਕ ਕਲਰਕ ਨੇ ਕਿਹਾ, "ਤੁਸੀਂ ਲੇਟ ਹੋ ਚੁੱਕੇ ਹੋ, ਕ੍ਰਿਪਾ ਕੱਲ ਪੈਨਸ਼ਨ ਲੈ ਲੈਣਾ। ਅੱਜ ਨਵੇਂ ਸਾਹਿਬ ਆਏ ਹਨ, ਉਨ੍ਹਾਂ ਦੀ ਪਹਿਲੀ ਆਮਦ ਵਿਚ ਪਾਰਟੀ ਹੋਣ ਵਾਲੀ ਹੈ।"

ਮੈਂ ਬੈਂਕ ਦੇ ਗੇਟ 'ਚੋਂ ਬਾਹਰ ਹੋਣ ਹੀ ਵਾਲਾ ਸੀ ਕਿ ਪਿਛਿਓਂ ਕਿਸੇ ਨੇ ਝੁਕ ਕੇ ਮੇਰੇ ਪੈਰੀਂ ਹੱਥ ਲਾ ਕੇ ਮੈਨੂੰ ਜੱਫੀ ਵਿਚ ਲੈ ਲਿਆ। ਇਕ ਅਪਟੂਡੇਟ ਆਕਰਸ਼ਕ ਵਿਅਕਤੀਤਵ ਨੇ ਬਗਲ (ਜੁੱਤੀ) ਢਿੱਲੀ ਕਰਦੇ ਹੋਏ ਕਿਹਾ, "ਸਰ, ਆਓ।" ਮੈਂ ਚਸ਼ਮੇ 'ਚੋਂ ਝਾਂਕਦੇ ਹੋਏ ਗੌਰ ਨਾਲ ਵੇਖਿਆ, ਥੋੜ੍ਹੀ ਦੇਰ ਪਹਿਚਾਣਨ ਵਿਚ ਲੱਗੀ, "ਦੀਪੂ-ਤੂੰ।"

"ਹਾਂ, ਸਰ।" ਉਹ ਮੈਨੂੰ ਮੈਨੇਜਰ ਵਾਲੇ ਕਮਰੇ ਵਿਚ ਲੈ ਗਿਆ। ਮੈਂ ਚੱਲਦੇ-ਚੱਲਦੇ ਕਿਹਾ, "ਤੁਸੀਂ ਇੱਥੇ ਕਿੱਦਾਂ ਆਏ ਹੋ?"

"ਸਰ, ਤੁਸੀਂ ਬੈਠੋ ਤਾਂ ਸਹੀ।" ਉਸਨੇ ਮੈਨੂੰ ਜ਼ਬਰਦਸਤੀ ਮੈਨੇਜਰ ਵਾਲੀ ਕੁਰਸੀ 'ਤੇ ਬਿਠਾ ਦਿੱਤਾ। ਮੈਂ ਬਹੁਤ ਇਨਕਾਰ ਕੀਤਾ, "ਤੁਸੀਂ ਕੀ ਕਰ ਰਹੇ ਹੋ?" ਪਰ ਮੇਰੀ ਉਹ ਗੱਲ ਮੰਨਣ ਵਾਲਾ ਕਿੱਥੇ ਸੀ। "ਭਈ, ਇਹ ਸਭ ਕੀ ਕਰ ਰਹੇ ਹੋ?" ਉਸਨੇ ਬੈਲੱ ਦਿੱਤੀ। ਇਕ ਚਪੜਾਸੀ ਆਇਆ ਅਤੇ ਉਸਦਾ ਇਸ਼ਾਰਾ ਸਮਝ ਕੇ ਦੋ ਗਲਾਸ ਠੰਡੇ ਲੈ ਆਇਆ।

"ਸਰ, ਮੈਂ ਤੁਹਾਡੇ ਸ਼ਹਿਰ ਵਿਚ, ਇਸ ਬੈਂਕ ਵਿਚ ਮੈਨੇਜਰ ਬਣਕੇ ਆਇਆ ਹਾਂ, ਸਰ।"-ਇਹ ਸੁਣਦੇ ਹੀ ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਮੇਰੀ ਖੁਸ਼ੀ ਦਾ ਪੰਛੀ ਅਸਮਾਨ ਨੂੰ ਛੂਹਣ ਲੱਗਾ। ਮੈਂ ਸਭ ਭੁੱਲ ਗਿਆ ਕਿ ਮੈਂ ਕਿੱਥੇ ਆਇਆ ਸਾਂ।

"ਸਰ, ਅੱਜ ਪਾਰਟੀ ਵਿਚ ਤੁਸੀਂ ਵੀ ਮੇਰੇ ਨਾਲ ਸ਼ਾਮਿਲ ਹੋਵੋਗੇ।" ਪਾਰਟੀ ਦਾ ਪ੍ਰਬੰਧ ਹੋ ਚੁੱਕਿਆ ਸੀ। ਦੀਪੂ ਨੇ ਸਤਿਕਾਰ ਨਾਲ ਮੇਰੀ ਬਾਂਹ ਫੜ ਕੇ ਮੈਨੂੰ ਪਾਰਟੀ ਵਿਚ ਮਹਿਮਾਨ ਵਾਲੀ ਉਸ ਕੁਰਸੀ 'ਤੇ ਬਿਠਾ ਦਿੱਤਾ ਜਿੱਥੇ ਉਸਨੇ ਖ਼ੁਦ ਬੈਠਣਾ ਸੀ। ਪਾਰਟੀ ਤੋਂ ਪਹਿਲਾਂ ਦੀਪੂ ਨੇ ਮੇਰਾ ਸੰਖੇਪ ਪਰੀਚੈ ਦੇ ਦਿੱਤਾ। ਸਭਨਾਂ ਨੂੰ ਬਹੁਤ ਖੁਸ਼ੀ ਹੋਈ। ਬੈਂਕ ਕਰਮੀਆਂ ਵਿਚ ਮੇਰੀ ਇੱਜ਼ਤ, ਮਾਨ-ਸਨਮਾਨ ਬਹੁਤ ਵਧ ਗਿਆ।


ਪਾਰਟੀ ਖ਼ਤਮ ਹੋਣ ਦੇ ਬਾਅਦ ਦੀਪੂ ਅਤੇ ਮੈਂ ਉਸਦੀ ਗੱਡੀ ਵਿਚ ਬੈਠ ਕੇ ਘਰ ਆ ਗਏ। ਰਸਤੇ ਵਿਚ ਦੀਪੂ ਨੇ ਮਠਿਆਈ ਦਾ ਡੱਬਾ ਲੈ ਲਿਆ। ਘਰ ਪਹੁੰਚ ਕੇ ਮੈਂ ਸਾਰੇ ਪਰਿਵਾਰ ਨਾਲ ਉਸਦੀ ਮੁਲਾਕਾਤ ਕਰਵਾਈ। ਮੈਂ ਦੀਪੂ ਤੋਂ ਉਤਸੁਕਤਾ ਅਤੇ ਜਗਿਆਸਾ ਨਾਲ ਪੁੱਛਿਆ, "ਦੀਪੂ, ਤੁਸੀਂ ਜੇ.ਬੀ.ਟੀ. ਕਰਨ ਤੋਂ ਬਾਅਦ ਕੀ ਕੀਤਾ? ਕਿਸ ਤਰ੍ਹਾਂ ਦਿਨ ਕੱਟੇ? ਪਰਿਵਾਰ ਦਾ ਕੀ ਹਾਲ ਏ ਆਦਿ।"

ਉਸਨੇ ਦੱਸਿਆ, "ਸਰ, ਤੁਸੀਂ ਮੈਨੂੰ ਹਿੰਮਤ ਅਤੇ ਹੌਂਸਲੇ ਦਾ ਬਲ ਦੇ ਕੇ ਚਲੇ ਆਏ। ਬੁਝੇ ਦੀਪਕ ਨੂੰ ਤੇਲ ਅਤੇ ਬੱਤੀ ਦੇ ਕੇ। ਜਿਸਦੀ ਰੌਸ਼ਨੀ ਹੁਣ ਤੁਸੀਂ ਦੇਖ ਰਹੇ ਹੋ, ਸਰ। ਮੈਂ ਦਿਨ ਰਾਤ ਮਿਹਨਤ ਕੀਤੀ। ਇਕ ਪਿੰਡ ਵਿਚ ਅਧਿਆਪਕ ਲੱਗ ਗਿਆ। ਨਾਲ-ਨਾਲ ਪੜ੍ਹਦਾ ਵੀ ਰਿਹਾ। ਭੈਣ ਦੀ ਸ਼ਾਦੀ ਕੀਤੀ। ਭਰਾ ਪੜ੍ਹ ਰਿਹਾ ਏ। ਅਧਿਆਪਕ ਰਹਿੰਦੇ ਹੋਏ ਬੀ.ਏ. ਕੀਤੀ। ਬੀ.ਏ. ਦੀ ਪ੍ਰੀਖਿਆ ਪਹਿਲੇ ਦਰਜ਼ੇ ਵਿਚ ਪਾਸ ਕੀਤੀ। ਅਖ਼ਬਾਰ ਵਿਚ ਪ੍ਰੋਬੇਸ਼ਨਰੀ ਅਫ਼ਸਰ ਦਾ ਵਿਗਿਆਪਨ ਨਿਕਲਿਆ ਉਸ ਟੈਸਟ 'ਚੋਂ ਮੈਂ ਮੈਰਿਟ 'ਤੇ ਰਿਹਾ। ਪ੍ਰੋਬੇਸ਼ਨਰੀ ਅਫ਼ਸਰ ਤੋਂ ਬਾਅਦ ਹੁਣ ਇੱਥੇ ਤੁਹਾਡੇ ਸਾਹਮਣੇ ਹਾਂ, ਸਰ।"

ਉਸ ਦੀਆਂ ਅੱਖਾਂ ਦੀ ਜਯੋਤੀ ਨਾਲ ਮੇਰੀਆਂ ਅੱਖਾਂ ਦੀ ਜਯੋਤੀ ਮਿਲਕੇ ਅਲੌਕਿਤ ਹੋ ਉਠੀਆਂ। ਉਸਨੇ ਕਿਹਾ, "ਸਰ, ਮੈਂ ਤੁਹਾਨੂੰ ਬਹੁਤ ਯਾਦ ਕਰਦਾ ਰਿਹਾ। ਪਰ ਕੀ ਦੱਸਾਂ ਸਰ, ਘਰ ਦੀਆਂ ਜ਼ੁੰਮੇਵਾਰੀਆਂ ਨੇ ਸਿਰ ਉਠਾਉਣ ਨਹੀਂ ਦਿੱਤਾ। ਸਰ, ਤੁਹਾਡੇ ਦੁਆਰਾ ਬੀਜਿਆ ਪੌਦਾ ਅੰਕੁਰਿਤ, ਪ੍ਰਫੁਲਿਤ, ਫ਼ਲਿਤ ਹੋ ਕੇ ਹੁਣ ਆਪਣੀ ਮਹਿਕ ਫੈਲਾ ਰਿਹਾ ਹੈ। ਜਿਸਦਾ ਸਿਹਰਾ, ਸਰ, ਕੇਵਲ ਅਤੇ ਕੇਵਲ ਮਾਤਰ ਤੁਹਾਡੇ ਅਸ਼ੀਰਵਾਦ ਨੂੰ ਹੀ ਹੈ।" ਇੰਝ ਕਹਿੰਦੇ ਹੋਏ ਉਸਨੇ ਆਪਣਾ ਸਿਰ ਮੇਰੀ ਗੋਦੀ ਵਿਚ ਟਿਕਾ ਕੇ ਮੋਹ ਭਰੀ ਦ੍ਰਿਸ਼ਟੀ ਮੇਰੇ ਮੁੱਖ 'ਤੇ ਟਿਕਾ ਦਿੱਤੀ। ਮੈਂ ਇਸ ਤਰ੍ਹਾਂ ਮਹਿਸੂਸ ਕੀਤਾ ਜਿਸ ਤਰ੍ਹਾਂ ਦੁਨੀਆਂ ਦਾ ਸਭ ਤੋਂ ਸਰਵੋਤਮ ਸਨਮਾਨ ਅੱਜ ਮੈਨੂੰ ਮਿਲਿਆ ਹੈ ਕੇਵਲ ਮੈਨੂੰ।

ਓਂਕਾਰ ਨਗਰ, ਗੁਰਦਾਸਪੁਰ (ਪੰਜਾਬ) ਮੋ: 98156-25409

## ਧੰਨ ਗੁਰੂ ਅਰਜਨ ਦੇਵ ਜੀ



ਰਾਜਨਦੀਪ ਕੌਰ ਮਾਨ
6239326166

ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।
ਤੱਤੀ ਤਵੀ ਤੇ ਬੈਠ ਗਏ,
ਕਰ ਗਏ ਕੌਮ ਲਈ ਕੰਮ ਲਾਸਾਨੀ

ਮਾਨਵ ਅਧਿਕਾਰਾਂ ਤੇ ਦਿੱਤਾ ,
ਪਹਿਰਾ ਪੂਰਾ ਡੱਟ ਕੇ।
ਬਾਣੀ ਦੇ ਬੋਹਿਥ ਬਣ,
ਕਦੀ ਨਾ ਕਰਮ ਬਚਨ ਤੋਂ ਭਟਕੇ।

ਸਿਰ ਤੇ ਤਪਦੀ ਰੇਤ ਪੈਂਦੀ,
ਮੂੰਹ ਚੋ ਫਿਰ ਵੀ ਨਿਕਲੇ ਬਾਣੀ।
ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।

ਜਿਨ੍ਹਾਂ ਜੁਲਮ ਕਮਾਏ ਸੀ,
ਉਨ੍ਹਾਂ ਦੇ ਬਚੇ ਨਾ ਮਹਿਲ ਮੁਨਾਰੇ।
ਸਿੱਖੀ ਦੇ ਦੁਨੀਆਂ ਵਿੱਚ,
ਝੂਲਣ ਝੰਡੇ ਗੁਰੂ ਦੁਆਰੇ।
ਨਾਲੇ ਲੰਗਰ ਲਗਦੇ ਜੀ,
ਲੱਗਣ ਛਬੀਲਾਂ ,ਮਿੱਠਾ ਪਾਣੀ
ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।

ਗ੍ਰੰਥ ਸਾਹਿਬ ਦੀ ਕਰ ਸਥਾਪਨਾ,
ਕੀਤਾ ਕਾਰਜ ਮਹਾਨ ਤੁਸੀ ਜਿਹੜਾ,
ਜਿੱਥੇ ਕੂੜ ਪਸਰਿਆ ਸੀ,
ਉਹ ਥਾਂ ਕਰਤਾ ਰੌਸ਼ਨ ਖੇੜਾ।
ਅੱਜ ਪੂਰੀ ਦੁਨੀਆਂ ਵਿੱਚ,
ਘਰ ਘਰ ਪਹੁੰਚੀ ਹੈ ਗੁਰਬਾਣੀ।
ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।

## ਲੁੱਟੀ ਚੱਲ

( ਸੁਲੱਖਣ ਸਿੰਘ)
647-786-6329

ਲੁੱਟੀ ਚੱਲ ਬਸ ਲੁੱਟੀ ਚੱਲ।
ਜੋ ਲੁੱਟ ਹੁੰਦਾ ਲੁੱਟੀ ਚੱਲ।

ਡਾਢ੍ਹਾ ਏ ਤਾਂ ਕਾਹਦਾ ਡਰ,
ਸੰਘੀ ਮਾੜੇ ਦੀ ਘੁੱਟੀ ਚੱਲ।

ਬਣ ਗਿਆ ਨੇਤਾ,ਬੱਲੇ ਬੱਲੇ,
ਕੁੱਝ ਵੀ ਲੁੱਟ ਖਸੁੱਟੀ ਚੱਲ।

ਜੇ ਲੋਕਤੰਤਰ ਹੈ, ਤੈਨੂੰ ਕੀ
ਜੜ੍ਹਾਂ ਤੋਂ ਇਸਨੂੰ ਪੁੱਟੀ ਚੱਲ।

ਮੁਨਸਿਫ਼ ਤੂੰ, ਡਰ ਕਾਹਦਾ,
ਬੇਕਸੂਰੇ, ਜੇਲ੍ਹੀ ਸੁੱਟੀ ਚੱਲ।

ਵੋਟਾਂ ਬਣੀਆਂ ਗੋਰਖਧੰਦਾ,
ਪੰਜ ਸਾਲ ਤੱਕ ਕੁੱਟੀ ਚੱਲ।

ਜੋੜ ਧਨ ਅੰਬਾਰ ਲਗਾਏ,
ਜਾਣੀ ਨੀ ਕੌਡੀ ਫੁੱਟੀ ਚੱਲ।

ਨਾ ਵੱਸ ਤੇਰੇ ਨਾ ਵੱਸ ਮੇਰੇ,
ਇੱਕ ਦਿਨ ਹੋਣੀ ਛੁੱਟੀ ਚੱਲ।

ਕੂੜ ਹਨ੍ਹੇਰਾ ਛਟੂ ਹਕੀਰ
ਹੋ ਜਾਊ ਗੀ ਪਹੁਫੁੱਟੀ ਚੱਲ।

## 'ਫ਼ਾਦਰ-ਡੇ' ਲਈ ਵਿਸ਼ੇਸ਼ ਰਚਨਾ

# ਬਾਪੂ ਦੇ ਦਰਦ ਦੀ ਦਾਸਤਾਂ

ਕਿੰਨੀ ਤਾਕਤ ਸੀ ਬਾਪੂ ਦਿਆਂ ਹੱਡਾਂ ਵਿੱਚ!
ਖੇਤੋ ਬਰਸੀਨ ਦੀ ਭਾਰੀ ਪੰਡ ਇਕੱਲਾ ਮੋਢੇ ਨਾਲ ਲਾ ਕੇ
ਇੱਕੋ ਝਟਕੇ ਸਿਰ ਤੇ ਧਰ ਲੈਂਦਾ ਸੀ
ਮੈਂ ਉਦੋਂ ਨਿੱਕਾ ਜਿਹਾ ਥਾਂਏ ਖੜ੍ਹਾ ਬਾਪੂ ਦੀ ਤਾਕਤ ਦਾ ਅੰਦਾਜਾ
ਲਗਾਉਂਦਾ ਰਹਿੰਦਾ ਸਾਂ
ਸੋਚਦਾ ਸਾਂ-ਇਹ ਬਾਪੂ ਹੈ ਕਿ ਹਾਥੀ !!!
ਉਤਨੇ ਚਿਰ ਨੂੰ ਬਾਪੂ ਆੜ ਟੱਪ ਕੇ
ਪਰੇ ਪਗਡੰਡੀ ਤੇ ਖੜ੍ਹੇ ਸਾਈਕਲ ਦੇ
ਵੱਡੇ ਕੈਰੀਅਰ ਤੇ ਜਾ ਟਿਕਾਉਂਦਾ ਸੀ-
ਬਰਸੀਨ ਦੀ ਵੱਡੀ ਤੇ ਭਾਰੀ ਪੰਡ!
ਫਿਰ ਅਵਾਜ ਮਾਰਦਾ ਸੀ ਮੈਨੂੰ-
ਚੱਲ ਓ ਓਮਿਆਂ, ਆਜਾ ਪੁੱਤਰਾ ਚੱਲੀਏ!
ਮੈਂ ਸਾਈਕਲ ਕੋਲ ਜਾਂਦਾ ਤਾਂ ਕਰੇਲੇ ਵਾਂਗੂੰ ਬਾਹੋਂ ਫੜ੍ਹਕੇ ਮੈਨੂੰ
ਸਾਈਕਲ ਦੇ ਮੂਹਰਲੇ ਡੰਡੇ ਤੇ ਬਿਠਾ ਕੇ
ਬੜੀ ਆਸਾਨੀ ਜਿਹੀ ਨਾਲ ਸਾਈਕਲ ਠੇਲ੍ਹ ਲੈਂਦਾ ਸੀ।
ਫਿਰ ਸੂਏ ਕੋਲ ਪਹੁੰਚ ਕੇ ਕਿਸੇ ਉੱਚੀ ਜਿਹੀ ਥਾਂ ਤੇ ਪੈਰ ਧਰਕੇ
ਸਾਈਕਲ ਦੀ ਕਾਠੀ ਤੇ ਬੈਠ ਜਾਂਦਾ ਸੀ
ਤੇ ਵਾਹਿਗੁਰੂ ਕਹਿ ਕੇ ਘਰ ਵੱਲੀਂ ਨੂੰ ਚਾਲੇ ਪਾ ਦਿੰਦਾ ਸੀ
ਘਰੇ ਪਹੁੰਚ ਪਾਣੀ-ਧਾਣੀ ਪੀ ਕੇ
ਥੋੜ੍ਹੀ ਦੇਰ ਦਮ ਮਾਰ ਕੇ ਫਿਰ ਮਸ਼ੀਨ ਦੁਆਲੇ ਹੋ ਜਾਂਦਾ ਸੀ।
ਬੀਬੀ ਰੁੱਗ ਲਾਉਂਦੀ ਸੀ-ਤੇ ਬਾਪੂ ਮਸ਼ੀਨ ਦੀ ਚਕਰੀ ਘੁਮਾ ਦਿੰਦਾ ਸੀ।
ਬਾਪੂ ਬਰਸੀਨ ਕੁਤਰਦਾ ਨਹੀਂ ਸਗੋਂ ਮਸੀਨ ਦੀ ਆਫ਼ਤ ਲਿਆ ਦਿੰਦਾ ਸੀ
ਇਉਂ ਹੀ ਪੂਰਾ ਸਾਲ ਕਦੇ ਬਾਜਰੇ ਦੀ-ਮੱਕੀ ਦੀ
ਸੁੱਕੀ ਕੜਬ ਕੁਤਰਦਾ ਸੀ।
ਕਦੇ ਹਰੀ ਮੱਕੀ ਦਾ ਕੁਤਰਾ ਕਰਦਾ ਸੀ।
ਕੁਤਰ-ਕੁਤਰ ਕੇ ਹਰੀ ਚਰ੍ਹੀ ਨੂੰ ਚੂਰੀ ਬਣਾ ਧਰਦਾ ਸੀ।
ਮਸ਼ੀਨ ਕਰਚ-ਕਰਚ ਕਰਦੀ ਕੁਤਰੇ ਦਾ ਢੇਰ ਲਾਈ ਜਾਂਦੀ ਸੀ
ਤੇ ਬਾਪੂ-ਨਾਲੋ-ਨਾਲ ਟੋਕਰੇ ਭਰ-ਭਰ ਕੇ ਖੁਰਲੀਆਂ ਚ ਸੁੱਟੀ ਤੁਰਿਆ
ਜਾਂਦਾ ਸੀ।
ਤੇ ਦੁਬਾਰਾ ਫਿਰ ਵੇਖਦਿਆਂ ਹੀ ਵੇਖਦਿਆਂ
ਪੰਡ ਵੱਢ ਲਿਆਉਂਦਾ ਸੀ ਪੱਠਿਆਂ ਦੀ ਖੇਤੋਂ
ਬਾਪੂ ਦਾ ਹਰ ਦਿਨ,ਹਰ ਮੌਸਮ ਇਹ ਕਾਰਜ ਦੇਖਦਾ ਰਿਹਾ ਹਾਂ।
ਇਹ ਗੱਲ ਸੱਚ ਜਾਪਦੀ-ਜੋ ਬਾਪੂ ਆਖਦਾ ਹੁੰਦਾ ਸੀ ਕਿ-
ਮੇਰਾ ਪਿਓ ਲਾਹੌਰ ਤੋਂ ਬਦਾਮਾਂ ਦੀਆਂ ਬੋਰੀਆਂ
ਖਰੀਦ ਕੇ ਲਿਆਉਂਦਾ ਹੁੰਦਾ ਸੀ ਮੇਰੇ ਵਾਸਤੇ
ਕਿ -ਪੁੱਤ ਤੈਨੂੰ ਭਲਵਾਨ ਬਣਾਉਣੈ!
ਬਾਪੂ ਭਲਵਾਨੀ ਕਰਦਾ ਰਿਹਾ ਪਰ ਭਲਵਾਨ ਨਹੀਂ ਬਣਿਆ,
ਪਰ ਇੱਕ ਅਣਥੱਕ ਕਾਮਾਂ ਜ਼ਿੰਦਗੀ ਦਾ ਅਸਲੀ ਭਲਵਾਨ ਜ਼ਰੂਰ ਬਣ
ਗਿਆ ਸੀ।
ਤਾਂ ਹੀ ਤਾਂ ਘਰੇ- ਦੁੱਧ ਦਾ ਦਰਿਆ ਵਗਦਾ ਸੀ!
ਸਾਗੇ ਗਰ ਅਮੀਰੀ ਨਹੀਂ ਸੀ-ਪਰ ਰਿਜ਼ਕ ਖਾਧਿਆਂ ਵੀ ਨਹੀਂ
ਸੀ ਮੁੱਕਦਾ।
ਬਾਪੂ ਦਿਆਂ ਡੌਲਿਆਂ ਦੀ ਤਾਕਤ ਤੇ ਮਨ ਦੀ ਅਮੀਰੀ
ਆਪਣੇ-ਆਪ ਬੋਲਦੀ ਸੀ।
ਬ੍ਰਾਹਮਣ-ਪੰਡੇ-ਮੰਗਤੇ-ਤੇ ਹੋਰ ਕਈ ਪਾਖੰਡੀ ਬਾਪੂ ਨੂੰ ਬਹੁਤ
ਠੱਗਦੇ-
ਪਰ ਦਰਿਆ ਦਿਲ ਬਾਪੂ ਵੰਡੀ ਜਾਂਦਾ ਸੀ।
ਦਾਨ ਦੇਣ ਲੱਗਿਆਂ-ਹੱਥ ਕਦੇ ਪਿੱਛੇ ਨਹੀਂ ਸੀ ਖਿਚਦਾ
ਬਾਪੂ ਦੇ ਇਸੇ ਹੌਂਸਲੇ ਕਰਕੇ ਨੱਬਿਆਂ ਸਾਲਾਂ ਦੀ ਉਮਰ ਬਖਸ਼ੀ
ਸੀ ਕੁਦਰਤ ਨੇ।
ਪਰ ਜੇ ਕਿਤੇ ਨਸ਼ੇੜੀ ਪੁੱਤਾਂ ਦੇ ਦਰਦ ਦੀ ਵੇਦਨਾ ਉਸ ਨੂੰ ਅੰਦਰੇ-
ਅੰਦਰ ਨਾ ਖਾਂਦੀ
ਤਾਂ ਅੱਜ ਕੋਤਰ ਸੌ ਸਾਲਾਂ ਦਾ ਬਾਪੂ ਮੇਰੇ ਕੋਲ ਹੋਣਾ ਸੀ-
ਜਿਉਂਦਾ-ਜਾਗਦਾ ਤੁਰਿਆ ਫਿਰਦਾ ਅਸ਼ੀਰਵਾਦ ਦਿੰਦਾ
ਢੋਲੇ ਦੀਆਂ ਲਾਉਂਦਾ ਪੋਤੇ-ਪੜਪੋਤੇ ਖਿਡਾਉਂਦਾ
ਮਨ ਦਾ ਮੌਜੀ ਤੇ ਸੱਚ ਦਾ ਪਹਿਰੇਦਾਰ ਬਾਪੂ!
ਇੱਕ ਵਾਰ ਤਾਂ ਬੁਢਾਪੇ ਵੇਲੇ ਪ੍ਰਭੂ ਤੇ ਗੋਬਿੰਦ ਉਹਦੇ ਵੱਡੇ ਦੋ
ਅਮਲੀ ਪੁੱਤਰਾਂ
ਰਾਤ ਨੂੰ ਚੰਗਾ ਕੁਟਾਪਾ ਚਾੜ੍ਹਿਆ ਸੀ ਦਾਰੂ ਪੀ ਕੇ
ਬਾਪੂ ਦੀਆਂ ਚੀਕਾਂ ਪਿੰਡ ਦੀ ਫਿਰਨੀ ਤੋਂ ਵੀ ਦੂਰ ਤੱਕ ਸੁਣਾਈ
ਦਿੰਦੀਆਂ ਸਨ
ਪਿੰਡ ਦੇ ਲੋਕਾਂ ਸਾਡੇ ਘਰ ਦੀਆਂ ਕੰਧਾਂ ਟੱਪ ਕੇ
ਮਸਾਂ ਛਡਵਾਇਆ ਸੀ ਬਾਪੂ ਬੁੱਚੜ ਪੁੱਤਰਾਂ ਦੀ ਮਾਰ ਤੋਂ
ਉਦੋਂ ਬਾਪੂ ਦੀ ਸੱਜੀ ਬਾਂਹ ਦੋਂਹ ਬੁੱਚੜ ਪੁੱਤਰਾਂ ਨੇ
ਡਾਂਗਾਂ ਨਾਲ ਕੁੱਟ-ਕੁੱਟ ਕੇ ਚਕਨਾਚੂਰ ਕਰ ਦਿੱਤੀ ਸੀ
ਉਂਦਣ ਤੋਂ ਹੀ ਬਾਪੂ ਦਾ ਹੌਂਸਲਾ ਵੀ ਚਕਨਾਚੂਰ ਹੋ ਗਿਆ ਸੀ
ਤੇ ਫਿਰ ਉਹ ਪੰਜਾਬ ਛੱਡ ਕੇ ਸਾਡੇ ਕੋਲ ਫ਼ਰੀਦਾਬਾਦ ਆਣ
ਪਹੁੰਚਿਆ ਸੀ
ਆਖਰੀ ਦਸ ਸਾਲ ਇੱਥੇ ਹੀ ਰਿਹਾ ਸੀ
ਨਾਮ ਜਪਦਾ ਵਾਹਿਗੁਰੂ-ਵਾਹਿਗੁਰੂ ਕਰਦਾ!
ਬਾਪੂ ਨੂੰ ਵੱਡੇ ਪੰਜਾਂ ਅਮਲੀ ਪੁੱਤਾਂ ਦੇ ਦਰਦ ਦੀ ਵੇਦਨਾ
ਘੁਣ ਵਾਂਗ ਖਾਂਦੀ ਰਹੀ ਸੀ
ਪਰ ਉਹਨੇ ਆਪਣੇ ਮੁੱਖੜੇ ਤੇ
ਆਪਣੀ ਪੀੜ ਦਾ ਪਰਛਾਵਾਂ ਵੀ ਪਰਗਟ ਨਹੀਂ ਹੋਣ ਦਿੱਤਾ ਸੀ
ਕਦੇ
---000---

-ਓਮਕਾਰ ਸੂਦ ਬਹੋਨਾ
ਫ਼ਰੀਦਾਬਾਦ , ਮੋਬਾਈਲ -096540 36080

# ਕੈਨੇਡਾ 'ਚ ਪੰਜਾਬੀ ਮੁਟਿਆਰ ਦਾ ਗੋਲੀ ਮਾਰ ਕੇ ਕਤਲ ਕਰਨ ਵਾਲਾ ਪੰਜਾਬੀ ਨੌਜਵਾਨ ਗ੍ਰਿਫ਼ਤਾਰ

## 26 ਸਾਲਾ ਨਵਨੀਤ ਕੌਰ ਨੂੰ ਸ਼ਰੇਆਮ ਮਾਰੀ ਗੋਲੀ; ਪੁਲੀਸ ਨੇ 37 ਸਾਲਾ ਸ਼ਰਨਜੀਤ ਸਿੰਘ 'ਤੇ ਦਰਜ ਕੀਤਾ ਕੇਸ



ਟੋਰਾਂਟੋ, 26 ਜੁਲਾਈ (ਪ੍ਰਤੀਨਿਧੀ) : ਕੈਨੇਡਾ ਦੇ ਟੋਰਾਂਟੋ 'ਚ ਰਹਿੰਦੀ ਪੰਜਾਬ ਦੀ ਇੱਕ 26 ਸਾਲਾ ਮੁਟਿਆਰ ਦਾ ਪੰਜਾਬੀ ਮੂਲ ਦੇ ਹੀ 37 ਸਾਲਾ ਵਿਅਕਤੀ ਵੱਲੋਂ ਸ਼ਰੇਆਮ ਗੋਲੀ ਮਾਰ ਕੇ ਕਤਲ ਕਰਨ ਦਾ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਟੋਰਾਂਟੋ ਪੁਲੀਸ ਨੇ ਮ੍ਰਿਤਕਾ ਦੀ ਪਛਾਣ ਨਵਨੀਤ ਕੌਰ (26) ਵਜੋਂ ਕੀਤੀ ਹੈ। ਪੁਲੀਸ ਅਨੁਸਾਰ ਸ਼ੁੱਕਰਵਾਰ ਸਵੇਰੇ ਇਟੋਬੀਕੋਕ ਇਲਾਕੇ 'ਚ ਹੋਏ ਇਸ ਟਾਰਗੇਟਿਡ ਹਮਲੇ ਤੋਂ ਬਾਅਦ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਸ 'ਤੇ ਫ਼ਰਸਟ ਡਿਗਰੀ (ਪਹਿਲੇ ਦਰਜੇ) ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।

ਪੁਲੀਸ ਵੱਲੋਂ ਜਾਰੀ ਬਿਆਨ ਮੁਤਾਬਕ, ਘਟਨਾ ਦੇ ਸਮੇਂ ਪੀੜਤ ਮੁਟਿਆਰ ਅਤੇ ਮੁਲਜ਼ਮ ਵਿਚਕਾਰ ਕੁਝ ਸਮਾਂ ਗੱਲਬਾਤ ਹੋਈ, ਜਿਸ ਤੋਂ ਤੁਰੰਤ ਬਾਅਦ ਮੁਲਜ਼ਮ ਨੇ ਔਰਤ 'ਤੇ ਗੋਲੀ ਚਲਾ ਦਿੱਤੀ। ਮੌਕੇ 'ਤੇ ਨਜ਼ਦੀਕ ਚਾਹ ਪੀ ਰਹੇ ਇੱਕ ਚਸ਼ਮਦੀਦ ਨੇ ਦੱਸਿਆ ਕਿ ਉਸ ਨੇ ਇੱਕ ਵਿਅਕਤੀ ਨੂੰ ਔਰਤ ਕੋਲ ਆਉਂਦੇ ਅਤੇ ਥੋੜ੍ਹੀ ਦੇਰ ਗੱਲ ਕਰਨ ਤੋਂ ਬਾਅਦ ਅਚਾਨਕ ਗੋਲੀ ਚਲਾਉਂਦੇ ਦੇਖਿਆ। ਸੂਚਨਾ ਮਿਲਦੇ ਹੀ ਪੁਲੀਸ ਮੌਕੇ 'ਤੇ ਪਹੁੰਚੀ ਅਤੇ ਪੀੜਤ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਡਾਕਟਰਾਂ ਨੇ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ।

ਗੋਲੀਬਾਰੀ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ ਸੀ, ਪਰ ਪੁਲੀਸ ਵੱਲੋਂ ਚਲਾਏ ਗਈ ਵਿਸ਼ੇਸ਼ ਤਲਾਸ਼ੀ ਮੁਹਿੰਮ ਦੌਰਾਨ ਉਸ ਨੂੰ ਕਾਬੂ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਬ੍ਰੈਂਪਟਨ ਦੇ ਰਹਿਣ ਵਾਲੇ ਸ਼ਰਨਜੀਤ ਸਿੰਘ (37) ਵਜੋਂ ਹੋਈ ਹੈ। ਉਸ 'ਤੇ ਫ਼ਰਸਟ ਡਿਗਰੀ ਮਰਡਰ ਅਤੇ ਅਦਾਲਤੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਆਇਦ ਕੀਤੇ ਗਏ ਹਨ।

# ਤੂਫਾਨ ਨੌਲ ਨੇ ਚੀਨ ਅਤੇ ਹਾਂਗਕਾਂਗ 'ਚ ਮਚਾਈ ਤਬਾਹੀ, ਬਚਾਏ ਗਏ 700,000 ਤੋਂ ਵੱਧ ਲੋਕ



ਬੀਜਿੰਗ/ਹਾਂਗਕਾਂਗ , 26 ਜੁਲਾਈ (ਪ੍ਰਤੀਨਿਧੀ) : ਚੱਕਰਵਾਤੀ ਤੂਫਾਨ 'ਨੌਲ' ਐਤਵਾਰ ਸਵੇਰੇ ਸਥਾਨਕ ਸਮੇਂ ਅਨੁਸਾਰ ਲੈਂਡਫਾਲ ਹੋਇਆ, ਜਿਸ ਨਾਲ ਭਾਰੀ ਤਬਾਹੀ ਹੋਈ। 700,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਅਤੇ ਕਈ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਹਫਤੇ ਦੇ ਅੰਤ ਵਿੱਚ ਹਾਂਗਕਾਂਗ ਸਮੇਤ ਦੱਖਣੀ ਚੀਨ ਵਿੱਚ ਤੇਜ਼ ਹਵਾਵਾਂ ਅਤੇ ਭਾਰੀ ਬਾਰਿਸ਼ ਹੋਈ, ਜਿਸ ਕਾਰਨ ਚੀਨ ਦੇ ਗੁਆਂਗਡੋਂਗ ਸੂਬੇ ਵਿੱਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ।

ਹਾਂਗਕਾਂਗ ਆਬਜ਼ਰਵੇਟਰੀ ਨੇ ਦੱਸਿਆ ਕਿ ਤੂਫਾਨ 'ਨੌਲ' ਆਪਣੇ ਕੇਂਦਰ ਦੇ ਨੇੜੇ 90 ਮੀਲ ਪ੍ਰਤੀ ਘੰਟਾ ਦੀ ਵੱਧ ਤੋਂ ਵੱਧ ਨਿਰੰਤਰ ਹਵਾਵਾਂ ਤੱਕ ਤੇਜ਼ ਹੋ ਗਿਆ ਸੀ। ਇਹ ਸ਼ਨੀਵਾਰ ਨੂੰ ਦੱਖਣੀ ਚੀਨ ਸਾਗਰ ਦੇ ਪਾਰ ਜਾ ਰਿਹਾ ਸੀ ਅਤੇ ਗੁਆਂਗਡੋਂਗ ਤੱਟ ਵੱਲ ਵਧ ਰਿਹਾ ਸੀ। ਚੀਨ ਦੇ ਰਾਸ਼ਟਰੀ ਮੌਸਮ ਵਿਗਿਆਨ ਕੇਂਦਰ ਨੇ ਕਿਹਾ ਕਿ ਨੌਲ ਐਤਵਾਰ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 3:50 ਵਜੇ (ਭਾਰਤੀ ਸਮੇਂ ਅਨੁਸਾਰ 1:20 ਵਜੇ) ਦੱਖਣੀ ਗੁਆਂਗਡੋਂਗ ਸੂਬੇ ਦੇ ਹੁਈਡੋਂਗ ਕਾਊਂਟੀ, ਹੁਈਜ਼ੋ ਸ਼ਹਿਰ ਦੇ ਤੱਟ 'ਤੇ ਲੈਂਡਫਾਲ ਹੋਇਆ।

ਹਾਂਗ ਕਾਂਗ ਆਬਜ਼ਰਵੇਟਰੀ ਨੇ ਕਿਹਾ ਕਿ ਨੌਲ, ਆਪਣੇ ਕੇਂਦਰ ਦੇ ਨੇੜੇ 68 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਲੈ ਕੇ, ਗੁਆਂਗਡੋਂਗ ਦੇ ਅੰਦਰੂਨੀ ਹਿੱਸੇ ਵਿੱਚ ਦਾਖਲ ਹੋਇਆ, ਜਿਸ ਨਾਲ ਖੇਤਰ ਦੇ ਕੁਝ ਹਿੱਸਿਆਂ ਵਿੱਚ ਤੇਜ਼ ਹਵਾਵਾਂ ਅਤੇ ਭਾਰੀ ਬਾਰਿਸ਼ ਹੋਈ। ਸਰਕਾਰੀ ਚਾਈਨਾ ਨੈਸ਼ਨਲ ਰੇਡੀਓ ਦੇ ਅਨੁਸਾਰ ਗੁਆਂਗਡੋਂਗ ਸੂਬੇ ਵਿੱਚ 715,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਚਾਈਨਾ ਨਿਊਜ਼ ਸਰਵਿਸ ਦੇ ਅਨੁਸਾਰ ਐਤਵਾਰ ਲਈ ਸੂਬੇ ਵਿੱਚ ਰੇਲ ਸੇਵਾਵਾਂ ਰੱਦ ਕਰ ਦਿੱਤੀਆਂ ਗਈਆਂ। ਹਾਂਗ ਕਾਂਗ ਹਵਾਈ ਅੱਡੇ ਦੀ ਵੈੱਬਸਾਈਟ ਨੇ ਰਿਪੋਰਟ ਦਿੱਤੀ ਕਿ ਸ਼ਨੀਵਾਰ ਅਤੇ ਐਤਵਾਰ ਲਈ 350 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ, ਜਿਸ ਵਿੱਚ ਹੋਰ ਰੱਦ ਹੋਣ ਦੀ ਉਮੀਦ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ 11 ਜੁਲਾਈ ਨੂੰ ਟਾਈਫੂਨ ਬਾਵੀ ਨੇ ਪੂਰਬੀ ਚੀਨ ਵਿੱਚ ਤੇਜ਼ ਹਵਾਵਾਂ ਅਤੇ ਮੀਂਹ ਨਾਲ ਤਬਾਹੀ ਮਚਾ ਦਿੱਤੀ, ਜਿਸ ਕਾਰਨ 20 ਲੱਖ ਤੋਂ ਵੱਧ ਲੋਕਾਂ ਨੂੰ ਕੱਢਣਾ ਪਿਆ। ਇੱਕ ਹੋਰ ਟਾਈਫੂਨ, ਮੇਸਾਕ, 3 ਜੁਲਾਈ ਨੂੰ ਦੱਖਣੀ ਚੀਨ ਵਿੱਚ ਲੈਂਡਫਾਲ ਹੋਇਆ।

# ਚੀਨ 'ਚ ਤੂਫ਼ਾਨ ਦੇ ਮੱਦੇਨਜ਼ਰ ਅਲਰਟ ਜਾਰੀ

## ਹਾਂਗਕਾਂਗ ਵਿੱਚ ਦਰਜਨਾਂ ਉਡਾਣਾਂ ਰੱਦ

ਹਾਂਗ ਕਾਂਗ, 26 ਜੁਲਾਈ (ਪ੍ਰਤੀਨਿਧੀ) : ਤੂਫ਼ਾਨ ਨੌਲ ਹਫ਼ਤੇ ਦੇ ਅਖ਼ੀਰ ਦੌਰਾਨ ਦੱਖਣੀ ਚੀਨ ਅਤੇ ਹਾਂਗਕਾਂਗ ਵਿੱਚ ਤੇਜ਼ ਹਵਾਵਾਂ ਅਤੇ ਭਾਰੀ ਮੀਂਹ ਲੈ ਕੇ ਆ ਰਿਹਾ ਹੈ, ਜਿਸ ਕਾਰਨ ਪੂਰੇ ਖੇਤਰ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ ਅਤੇ ਦਰਜਨਾਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਹਾਂਗਕਾਂਗ ਆਬਜ਼ਰਵੇਟਰੀ ਨੇ ਕਿਹਾ ਕਿ ਤੂਫ਼ਾਨ ਨੌਲ ਜੋ ਆਪਣੇ ਕੇਂਦਰ ਨੇੜੇ 140 ਕਿਲੋਮੀਟਰ ਪ੍ਰਤੀ ਘੰਟਾ ਦੀ ਵੱਧ ਤੋਂ ਵੱਧ ਨਿਰੰਤਰ ਹਵਾਵਾਂ ਨਾਲ ਹੋਰ ਤੇਜ਼ ਹੋ ਗਿਆ ਸੀ, ਅੱਜ ਦੱਖਣੀ ਚੀਨ ਸਾਗਰ ਦੇ ਉੱਤਰ-ਪੂਰਬੀ ਹਿੱਸੇ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ ਅਤੇ ਪੂਰਬੀ ਗੁਆਂਗਦੋਂਗ ਦੇ ਸਾਹਿਲ ਨੇੜੇ ਪਹੁੰਚ ਰਿਹਾ ਹੈ। ਸ਼ਹਿਰ ਦੀ ਆਬਜ਼ਰਵੇਟਰੀ ਅਨੁਮਾਨ ਲਗਾਉਂਦੀ ਹੈ ਕਿ ਨੌਲ ਐਤਵਾਰ ਸਵੇਰੇ ਦੱਖਣੀ ਚੀਨੀ ਸ਼ਹਿਰਾਂ ਹੁਈਜ਼ੌ ਅਤੇ ਸ਼ਾਨਵੇਈ ਦੇ ਆਸ-ਪਾਸ ਜ਼ਮੀਨ ਨਾਲ ਟਕਰਾ ਸਕਦਾ ਹੈ, ਜਿਸ ਨਾਲ ਖੇਤਰ ਦੇ ਕਈ ਹਿੱਸਿਆਂ ਵਿੱਚ ਭਾਰੀ ਝੱਖੜ ਨਾਲ ਮੀਂਹ ਪੈ ਸਕਦਾ ਹੈ। ਇਸ ਦੌਰਾਨ, ਚੀਨ ਦੇ ਮੌਸਮ ਵਿਗਿਆਨ ਕੇਂਦਰ ਨੇ ਪੇਸ਼ੀਨਗੋਈ ਕੀਤੀ ਹੈ ਕਿ ਨੌਲ ਅੱਜ ਦੇਰ ਰਾਤ ਅਤੇ ਐਤਵਾਰ ਸਵੇਰ ਦਰਮਿਆਨ ਪਹੁੰਚੇਗਾ।

ਹਾਂਗਕਾਂਗ ਹਵਾਈ ਅੱਡੇ ਦੀ ਵੈੱਬਸਾਈਟ ਤੋਂ ਪਤਾ ਲੱਗਿਆ ਹੈ ਕਿ ਅੱਜ ਅਤੇ ਐਤਵਾਰ ਲਈ 150 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਸਥਾਨਕ ਪੁਲੀਸ ਨੇ ਦੱਸਿਆ ਕਿ ਜਿਵੇਂ-ਜਿਵੇਂ ਨੌਲ ਹਾਂਗਕਾਂਗ ਵੱਲ ਵਧ ਰਿਹਾ ਹੈ, ਤਾਂ ਅੱਜ ਦੁਪਹਿਰੇ ਇੱਕ ਉੱਚੀ ਇਮਾਰਤ ਦਾ ਕੁਝ ਹਿੱਸਾ ਡਿੱਗ ਪਿਆ ਅਤੇ ਮੁੱਢਲੀ ਰਿਪੋਰਟਾਂ ਤੋਂ ਪਤਾ ਲੱਗਿਆ ਹੈ ਕਿ ਕੋਈ ਜ਼ਖ਼ਮੀ ਨਹੀਂ ਹੋਇਆ ਹੈ। ਚੀਨ ਦੇ ਕੌਮੀ ਮੌਸਮ ਵਿਗਿਆਨ ਕੇਂਦਰ ਨੂੰ ਉਮੀਦ ਹੈ ਕਿ ਹਫ਼ਤੇ ਦੇ ਅਖ਼ੀਰ ਦੌਰਾਨ ਦੱਖਣ-ਪੂਰਬੀ ਗੁਆਂਗਦੋਂਗ ਅਤੇ ਫੁਜਿਆਨ ਦੇ ਦੱਖਣੀ ਸਾਹਿਲ ਦੇ ਹਿੱਸਿਆਂ ਵਿੱਚ ਭਾਰੀ ਮੀਂਹ ਪਵੇਗਾ।

# ਚੀਨੀ ਮੂਲ ਦੀ ਕੈਨੇਡੀਅਨ ਇੰਟਰਨ ਜਾਸੂਸੀ ਦੇ ਦੋਸ਼ 'ਚ ਗ੍ਰਿਫ਼ਤਾਰ

ਬ੍ਰਸੱਲਜ਼, 26 ਜੁਲਾਈ (ਪ੍ਰਤੀਨਿਧੀ) : ਚੀਨੀ ਮੂਲ ਦੀ ਕੈਨੇਡੀਅਨ ਮਹਿਲਾ ਨੂੰ ਜਾਸੂਸੀ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਮਹਿਲਾ ਬੈਲਜੀਅਮ ਵਿੱਚ ਨਾਟੋ ਦੇ ਫ਼ੌਜੀ ਹੈੱਡਕੁਆਰਟਰ ਵਿੱਚ ਇੰਟਰਨ ਹੈ। ਫੈਡਰਲ ਸਰਕਾਰੀ ਵਕੀਲ ਦੇ ਦਫ਼ਤਰ ਨੇ ਬਿਆਨ ਵਿੱਚ ਕਿਹਾ, "ਮਹਿਲਾ ਉੱਤੇ ਕਿਸੇ ਤੀਜੇ ਮੁਲਕ ਲਈ ਜਾਸੂਸੀ ਕਰਨ ਅਤੇ ਅਪਰਾਧਿਕ ਸੰਗਠਨ ਦੀ ਮੈਂਬਰ ਹੋਣ ਦਾ ਸ਼ੱਕ ਹੈ।" ਬਿਆਨ ਵਿੱਚ ਕਿਹਾ ਗਿਆ ਕਿ ਮਹਿਲਾ ਬੈਲਜੀਅਨ ਸ਼ਹਿਰ ਮੌਨਸ ਵਿੱਚ ਨਾਟੋ ਦੇ ਸੁਪਰੀਮ ਹੈੱਡਕੁਆਰਟਰਜ਼ ਅਲਾਈਡ ਪਾਵਰਜ਼ ਯੂਰੋਪ (ਐੱਸ ਐੱਚ ਏ ਪੀ ਈ) ਵਿੱਚ ਇੰਟਰਨ ਵਜੋਂ ਕੰਮ ਕਰਦੀ ਸੀ। ਉਂਝ ਮਹਿਲਾ ਦੀ ਪਛਾਣ ਜਾਂ ਉਹ ਕਿਸ ਮੁਲਕ ਲਈ ਜਾਸੂਸੀ ਕਰਦੀ ਸੀ, ਬਾਰੇ ਕੁਝ ਨਹੀਂ ਦੱਸਿਆ ਗਿਆ। ਸਰਕਾਰੀ ਵਕੀਲਾਂ ਦੇ ਬਿਆਨ ਮੁਤਾਬਕ ਐੱਸ ਐੱਚ ਏ ਪੀ ਈ ਨੂੰ ਮਹਿਲਾ 'ਤੇ ਸ਼ੱਕ ਹੋਇਆ ਤੇ ਉਨ੍ਹਾਂ ਅੱਗੇ ਬੈਲਜੀਅਨ ਇੰਟੈਲੀਜੈਂਸ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ।

# ਰੂਸ ਤੇ ਯੂਕ੍ਰੇਨ ਦੇ ਤਾਜ਼ਾ ਹਮਲਿਆਂ 'ਚ 14 ਮੌਤਾਂ

## ਯੂਕ੍ਰੇਨੀ ਫ਼ੌਜ ਨੇ ਸੈਰ-ਸਪਾਟਾ ਰਿਜ਼ੋਰਟਾਂ 'ਤੇ ਹਮਲੇ ਕੀਤੇ




ਕੀਵ, 26 ਜੁਲਾਈ (ਪ੍ਰਤੀਨਿਧੀ) : ਯੂਕਰੇਨੀ ਫ਼ੌਜਾਂ ਨੇ ਅੰਸ਼ਕ ਤੌਰ 'ਤੇ ਰੂਸੀ ਕਬਜ਼ੇ ਵਾਲੇ ਜ਼ਾਪੋਰਿਜ਼ੀਆ ਖੇਤਰ ਵਿੱਚ ਸੈਰ-ਸਪਾਟਾ ਰਿਜ਼ੋਰਟਾਂ 'ਤੇ ਹਮਲਾ ਕੀਤਾ। ਇਸ ਦੌਰਾਨ 11 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਯੂਕਰੇਨ ਦੇ ਉੱਤਰ-ਪੂਰਬੀ ਸੂਮੀ ਖੇਤਰ ਵਿੱਚ ਹੋਏ ਰੂਸੀ ਹਮਲੇ 'ਚ ਤਿੰਨ ਜਣੇ ਮਾਰੇ ਗਏ। ਕ੍ਰੈਮਲਿਨ 'ਚ ਨਿਯੁਕਤ ਖੇਤਰੀ ਮੁਖੀ ਯੇਵਗੇਨੀ ਬਾਲਿਤਸਕੀ ਨੇ ਦੱਸਿਆ ਕਿ ਰਿਜ਼ੋਰਟ ਹਮਲਿਆਂ 'ਚ ਮਾਰੇ ਗਏ 11 ਜਣਿਆਂ ਵਿੱਚ ਦੋ ਬੱਚੇ ਵੀ ਸ਼ਾਮਲ ਹਨ ਅਤੇ 14 ਜਣੇ ਜ਼ਖ਼ਮੀ ਹੋਏ ਹਨ। ਯੂਕਰੇਨ ਨੇ ਇਸ ਹਮਲੇ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ।

ਸੂਮੀ ਦੇ ਖੇਤਰੀ ਮੁਖੀ ਓਲੇਹ ਹ੍ਰੀਹੋਰੋਵ ਨੇ ਕਿਹਾ ਕਿ ਰੂਸੀ ਡਰੋਨ ਹਮਲੇ ਮਗਰੋਂ ਅੱਗ ਲੱਗਣ ਕਾਰਨ ਤਿੰਨ ਜਣੇ ਮਾਰੇ ਗਏ। ਉਨ੍ਹਾਂ ਦੱਸਿਆ ਕਿ ਪੀੜਤ ਨਿੱਜੀ ਯੂਕਰੇਨੀ ਡਾਕ ਅਤੇ ਕੋਰੀਅਰ ਸੇਵਾ ਨੋਵਾ ਪੋਸ਼ਤਾ ਦੇ ਡਰਾਈਵਰ ਸਨ। ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਸੂਮੀ ਖੇਤਰ ਵਿੱਚ ਯੂਕਰੇਨੀ ਡਰੋਨਾਂ ਦੀ ਸਟੋਰੇਜ ਅਤੇ ਲਾਂਚ ਸਾਈਟ ਨੂੰ ਨਿਸ਼ਾਨਾ ਬਣਾਇਆ ਹੈ। ਖੇਤਰੀ ਮੁਖੀ ਇਵਾਨ ਫੇਦੋਰੋਵ ਨੇ ਦੱਸਿਆ ਕਿ ਦੱਖਣ-ਪੂਰਬੀ ਯੂਕਰੇਨ ਦੇ ਜ਼ਾਪੋਰਿਜ਼ੀਆ ਵਿੱਚ ਸ਼ੁੱਕਰਵਾਰ ਦੇਰ ਰਾਤ ਸ਼ਾਪਿੰਗ ਸੈਂਟਰ 'ਤੇ ਰੂਸੀ ਡਰੋਨ ਨਾਲ ਹਮਲਾ ਹੋਇਆ, ਜਿਸ ਨਾਲ 500 ਵਰਗ ਮੀਟਰ ਦੇ ਘੇਰੇ 'ਚ ਅੱਗ ਲੱਗ ਗਈ ਅਤੇ ਕਈ ਲੋਕ ਜ਼ਖ਼ਮੀ ਹੋ ਗਏ। ਇਸੇ ਦੌਰਾਨ ਕੀਵ ਨੇੜੇ ਰੱਖਿਆ ਉਦਯੋਗ ਸਮਾਗਮ ਦੀ ਮੇਜ਼ਬਾਨੀ ਕਰਨ ਵਾਲੀ ਜਗ੍ਹਾ 'ਤੇ ਸ਼ੁੱਕਰਵਾਰ ਨੂੰ ਹੋਏ ਵੱਡੇ ਹਮਲੇ 'ਚ ਘੱਟੋ-ਘੱਟ 10 ਜਣੇ ਮਾਰੇ ਗਏ ਸਨ, ਜਦਕਿ 100 ਹੋਰ ਜ਼ਖ਼ਮੀ ਹੋਏ ਸਨ।ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਸ਼ੁੱਕਰਵਾਰ ਨੂੰ ਆਪਣੇ ਸ਼ਾਮ ਦੇ ਸੰਬੋਧਨ ਵਿੱਚ ਚਿਤਾਵਨੀ ਦਿੱਤੀ ਸੀ ਕਿ ਖ਼ੁਫ਼ੀਆ ਮੁਲਾਂਕਣਾਂ ਤੋਂ ਪਤਾ ਲੱਗਿਆ ਹੈ ਕਿ ਰੂਸ ਵੱਡੇ ਹਮਲੇ ਲਈ ਮਿਜ਼ਾਈਲਾਂ ਤਿਆਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸੰਕੇਤ ਹਨ ਕਿ ਇਹ ਹਮਲੇ ਅਗਲੇ 48 ਘੰਟਿਆਂ ਵਿੱਚ ਹੋ ਸਕਦੇ ਹਨ।

# ਕਨਿਸ਼ਕ ਬੰਬ ਕਾਂਡ ਦੇ ਸ਼ੱਕੀ ਦੇ ਕਾਤਲ ਨੂੰ 15 ਸਾਲ ਕੈਦ

## ਹੱਤਿਆ ਦੇ ਵੱਖਰੇ ਮਾਮਲੇ 'ਚ ਅਦਾਲਤ ਨੇ ਸਜ਼ਾ ਸੁਣਾਈ



ਟੋਰਾਂਟੋ, 26 ਜੁਲਾਈ (ਪ੍ਰਤੀਨਿਧੀ): ਕੈਨੇਡਾ ਦੀ ਅਦਾਲਤ ਨੇ ਏਅਰ ਇੰਡੀਆ ਕਨਿਸ਼ਕ ਬੰਬ ਧਮਾਕਾ ਮਾਮਲੇ ਦੇ ਸ਼ੱਕੀ ਦੀ ਹੱਤਿਆ ਲਈ ਪਹਿਲਾਂ ਹੀ ਸਜ਼ਾਯਾਫ਼ਤਾ ਵਿਅਕਤੀ ਨੂੰ ਹੱਤਿਆ ਦੇ ਵੱਖਰੇ ਮਾਮਲੇ 'ਚ 15 ਕੈਦ ਦੀ ਸਜ਼ਾ ਸੁਣਾਈ ਹੈ।

ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਸੀ ਬੀ ਸੀ) ਦੀ ਖ਼ਬਰ ਅਨੁਸਾਰ ਟੈਨਰ ਫੌਕਸ (25) ਨੂੰ ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਦੇ ਵਸਨੀਕ ਚੈਡ ਕੌਲਿਵਸ (40) ਦੀ ਹੱਤਿਆ ਦਾ ਦੋਸ਼ ਕਬੂਲਣ ਤੋਂ ਬਾਅਦ ਲੰਘੇ ਬੁੱਧਵਾਰ ਸਜ਼ਾ ਸੁਣਾਈ ਗਈ। ਪੁਲੀਸ ਅਨੁਸਾਰ 21 ਮਾਰਚ 2022 ਨੂੰ ਕੌਲਿਵਸ ਨੂੰ ਉਸ ਦੇ ਘਰ ਅੰਦਰ ਗੋਲੀ ਮਾਰ ਦਿੱਤੀ ਗਈ ਸੀ। ਗੰਭੀਰ ਰੂਪ 'ਚ ਜ਼ਖ਼ਮੀ ਕੌਲਿਵਸ ਦੀ ਬਾਅਦ 'ਚ ਮੌਤ ਹੋ ਗਈ ਸੀ। ਫੌਕਸ ਨੂੰ 2023 'ਚ ਲੈਟੀਟੀਆ ਐਸੇਰਾ (31) ਸਣੇ ਗ੍ਰਿਫ਼ਤਾਰ ਕੀਤਾ ਗਿਆ ਸੀ। ਐਸੇਰਾ ਨੇ ਗ਼ੈਰ-ਕਾਨੂੰਨੀ ਢੰਗ ਨਾਲ ਘਰ ਅੰਦਰ ਦਾਖ਼ਲ ਹੋਣ ਦਾ ਜੁਰਮ ਕਬੂਲ ਲਿਆ ਜਿਸ ਮਗਰੋਂ ਉਸ ਨੂੰ ਚਾਰ ਸਾਲ ਕੈਦ ਅਤੇ ਦੋ ਸਾਲ ਅਜ਼ਮਾਇਸ਼ ਦੀ ਸਜ਼ਾ ਸੁਣਾਈ ਗਈ। ਦੂਜੇ ਪਾਸੇ ਫੌਕਸ ਨੇ ਇਸ ਸਾਲ ਅਪਰੈਲ 'ਚ ਹੱਤਿਆ ਦਾ ਅਪਰਾਧ ਕਬੂਲ ਲਿਆ ਸੀ।

ਕੌਲਿਵਸ ਦੀ ਹੱਤਿਆ ਦੇ ਚਾਰ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ 14 ਜੁਲਾਈ 2022 ਨੂੰ ਫੌਕਸ ਨੇ ਸਿੱਖ ਕਾਰੋਬਾਰੀ ਅਤੇ 1985 ਦੇ ਏਅਰ ਇੰਡੀਆ ਉਡਾਣ 182 'ਕਨਿਸ਼ਕ' ਬੰਬ ਧਮਾਕੇ ਦੇ ਮੁੱਖ ਦੋਸ਼ੀਆਂ ਵਿੱਚ ਸ਼ਾਮਲ ਰਿਪੁਦਮਨ ਸਿੰਘ ਮਲਿਕ ਦੀ ਉਸ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਦੋਂ ਉਹ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸਥਿਤ ਵਪਾਰਕ ਕੰਪਲੈਕਸ ਵਿੱਚ ਆਪਣੀ ਟੈਸਲਾ ਕਾਰ ਵਿੱਚ ਬੈਠਾ ਸੀ।

# ਅਮਰੀਕਾ ਵੱਲੋਂ ਨਾਕੇਬੰਦੀ ਦੀ ਉਲੰਘਣਾ ਕਰ ਰਹੇ ਵਪਾਰਕ ਜਹਾਜ਼ 'ਤੇ ਹਮਲਾ



ਇਰਬਿਲ (ਇਰਾਕ) , 26 ਜੁਲਾਈ (ਪ੍ਰਤੀਨਿਧੀ) : ਅਮਰੀਕੀ ਫ਼ੌਜ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਸ ਨੇ ਇਰਾਨੀ ਬੰਦਰਗਾਹਾਂ ਦੀ ਨਾਕੇਬੰਦੀ ਤੋੜਨ ਦੀ ਕੋਸ਼ਿਸ਼ ਕਰ ਰਹੇ ਇਕ ਹੋਰ ਵਪਾਰਕ ਬੇੜੇ ਨੂੰ ਨਿਸ਼ਾਨਾ ਬਣਾਇਆ ਹੈ। ਉੱਧਰ, ਇਰਾਨ ਨੇ ਵੀ ਫ਼ਾਰਸ ਦੀ ਖਾੜੀ ਦੇ ਆਲੇ ਦੁਆਲੇ ਅਮਰੀਕੀ ਫ਼ੌਜੀ ਅੱਡਿਆਂ 'ਤੇ ਹਮਲੇ ਕੀਤੇ ਹਨ। ਪੱਛਮੀ ਏਸ਼ੀਆ ਵਿੱਚ ਸਥਿਤ ਅਮਰੀਕੀ ਦੂਤਾਵਾਸਾਂ ਨੇ ਖੇਤਰ ਵਿੱਚ ਰਹਿ ਰਹੇ ਅਮਰੀਕੀ ਨਾਗਰਿਕਾਂ ਨੂੰ ਚੌਕਸ ਕੀਤਾ ਹੈ ਕਿ ਉਥੋਂ ਨਿਕਲਣ ਦੇ ਬਦਲ ਸੀਮਤ ਹੋ ਸਕਦੇ ਹਨ। ਇਰਾਨ ਦੀ ਰੈਵੋਲਿਊਸ਼ਨਰੀ ਗਾਰਡ ਨੇ ਵੀ ਗੁਆਂਢੀ ਮੁਲਕਾਂ ਦੇ ਬਾਸ਼ਿੰਦਿਆਂ ਨੂੰ ਅਮਰੀਕੀ ਫ਼ੌਜ ਦੀ ਮੌਜੂਦਗੀ ਵਾਲੇ ਅੱਡਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ।

ਇਸ ਦੌਰਾਨ ਯਮਨ ਵਿੱਚ ਸਾਊਦੀ ਅਰਬ ਦੀ ਅਗਵਾਈ ਵਾਲੇ ਗੱਠਜੋੜ ਨੇ ਸ਼ਨਿਚਰਵਾਰ ਤੜਕੇ ਦੱਸਿਆ ਕਿ ਸਾਊਦੀ ਅਰਬ ਨੇ ਲਾਲ ਸਾਗਰ ਵਿੱਚ ਸਾਊਦੀ ਤੇਲ ਟੈਂਕਰਾਂ 'ਤੇ ਇਰਾਨ ਹਮਾਇਤੀ ਹੂਤੀ ਬਾਗ਼ੀਆਂ ਦੇ ਹਮਲਿਆਂ ਦੇ ਜਵਾਬ ਵਿੱਚ ਯਮਨ ਦੇ ਬੰਦਰਗਾਹੀ ਸ਼ਹਿਰ ਹੁਦੈਦਾ 'ਤੇ ਹਮਲਾ ਕੀਤਾ। ਹੂਤੀ ਬਾਗ਼ੀਆਂ ਨੇ ਕਿਹਾ ਕਿ ਉਹ ਆਪਣੇ ਹਮਲਿਆਂ ਨੂੰ ਹੋਰ ਤੇਜ਼ ਕਰਨਗੇ।

ਅਮਰੀਕੀ ਸੈਂਟਰਲ ਕਮਾਂਡ ਦੇ ਬੁਲਾਰੇ ਕੈਪਟਨ ਟਿਮ ਹੌਕਿਨਸ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਐੱਮ ਟੀ ਲਵੀਨ ਨਾਂ ਦੇ ਵਪਾਰਕ ਬੇੜੇ ਨੇ ਘੱਟੋ ਘੱਟ ਚਾਰ ਵਾਰ ਨਾਕੇਬੰਦੀ ਤੋੜਨ ਦੀ ਕੋਸ਼ਿਸ਼ ਕੀਤੀ, ਜਿਸ ਮਗਰੋਂ ਅਮਰੀਕੀ ਬਲਾਂ ਨੇ ਓਮਾਨ ਦੀ ਖਾੜੀ ਵਿਚ ਉਸ ਨੂੰ ਨਕਾਰਾ ਕਰ ਦਿੱਤਾ। ਕਮਾਂਡ ਨੇ ਦੱਸਿਆ ਕਿ ਉਸ ਨੇ 12 ਹੋਰਨਾਂ ਵਪਾਰਕ ਬੇੜਿਆਂ ਦਾ ਰਾਹ ਵੀ ਬਦਲ ਦਿੱਤਾ ਹੈ।

ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਅਮਰੀਕੀ 'ਧੱਕੇਸ਼ਾਹੀ' ਅੱਗੇ ਨਹੀਂ ਝੁਕੇਗਾ। ਉਨ੍ਹਾਂ ਚੀਨ ਤੇ ਰੂਸ ਨਾਲ ਚੱਲ ਰਹੀ ਗੱਲਬਾਤ ਦਾ ਵੀ ਜ਼ਿਕਰ ਕੀਤਾ। ਇਕ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਇਸਲਾਮਿਕ ਗਣਰਾਜ ਨਾ ਤਾਂ ਧਮਕੀਆਂ ਤੋਂ ਡਰਦਾ ਹੈ ਤਾ ਨਾ ਹੀ ਕਿਸੇ ਦਬਾਅ ਅੱਗੇ ਝੁਕੇਗਾ।

# ਕੈਨੇਡਾ 'ਚ ਹੋਰ ਸਸਤੇ ਹੋਏ ਮਕਾਨ ! ਪੰਜਾਬੀਆਂ ਦੀਆਂ ਪੌ ਬਾਰਾਂ



ਟੋਰਾਂਟੋ, 26 ਜੁਲਾਈ (ਪ੍ਰਤੀਨਿਧੀ) : ਕੈਨੇਡਾ ਵਿਚ ਮਕਾਨ ਸਸਤੇ ਹੋਣ ਦਾ ਸਿਲਸਿਲਾ ਜਾਰੀ ਹੈ ਅਤੇ ਜੂਨ ਮਹੀਨੇ ਦੌਰਾਨ ਕੀਮਤਾਂ ਵਿਚ 2.8 ਫ਼ੀਸਦੀ ਕਮੀ ਦਰਜ ਕੀਤੀ ਗਈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਦੇ ਅੰਕੜਿਆਂ ਮੁਤਾਬਕ ਘਰਾਂ ਦੀਆਂ ਕੀਮਤਾਂ 3.8 ਫ਼ੀਸਦੀ ਡਿੱਗੀਆਂ ਅਤੇ ਕੌਮੀ ਪੱਧਰ 'ਤੇ ਇਕ ਘਰ ਦੀ ਔਸਤ ਕੀਮਤ 6,65,600 ਡਾਲਰ ਦਰਜ ਕੀਤੀ ਗਈ। ਦੂਜੇ ਪਾਸੇ ਮਕਾਨਾਂ ਦੀ ਵਿਕਰੀ ਵਿਚ ਵਾਧਾ ਹੋਣ ਦੀ ਰਿਪੋਰਟ ਵੀ ਸਾਹਮਣੇ ਆਈ ਹੈ ਅਤੇ ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਵਿਚ ਕੁਝ ਬਿਲਡਰਜ਼ ਵੱਲੋਂ ਨਵੇਂ ਉਸਾਰੇ ਜਾ ਰਹੇ ਘਰਾਂ ਦੀਆਂ ਕੀਮਤਾਂ ਵਿਚ ਮਾਮੂਲੀ ਵਾਧਾ ਕੀਤਾ ਜਾ ਰਿਹਾ ਹੈ ਪਰ ਟੋਰਾਂਟੋ ਅਤੇ ਵੈਨਕੂਵਰ ਵਰਗੇ ਵੱਡੇ ਸ਼ਹਿਰਾਂ ਵਿਚ ਕੌਂਡੋਜ਼ ਵੇਚਣੇ ਬੇਹੱਦ ਮੁਸ਼ਕਲ ਹੋ ਚੁੱਕੇ ਹਨ। ਇੱਥੇ ਦੱਸ ਦਈਏ ਕਿ ਇੱਕ ਕੰਡੋ (ਕੰਡੋਮੀਨੀਅਮ) ਇੱਕ ਵੱਡੀ ਇਮਾਰਤ ਜਾਂ ਭਾਈਚਾਰੇ ਦੇ ਅੰਦਰ ਇੱਕ ਨਿੱਜੀ ਰਿਹਾਇਸ਼ੀ ਇਕਾਈ ਹੁੰਦੀ ਹੈ, ਜਿੱਥੇ ਤੁਸੀਂ ਆਪਣੀ ਖਾਸ ਜਗ੍ਹਾ ਦੇ ਮਾਲਕ ਹੁੰਦੇ ਹੋ ਅਤੇ ਸਾਂਝੇ ਖੇਤਰਾਂ ਦੀ ਮਾਲਕੀ ਸਾਂਝੀ ਕਰਦੇ ਹੋ।

ਕੈਨੇਡੀਅਨ ਸੈਂਟਰ ਫ਼ੌਰ ਪੌਲਿਸੀ ਅਲਟਰਨੇਟਿਵਜ਼ ਦੇ ਸੀਨੀਅਰ ਇਕੌਨੋਮਿਸਟ ਜ਼ਮੀਨੀ ਹਕੀਕਤ ਬਿਆਨ ਕਰਦਿਆਂ ਦੱਸਿਆ ਕਿ ਕੀਮਤਾਂ ਵਿਚ ਉਛਾਲ ਤੋਂ ਪ੍ਰਭਾਵਤ ਬਿਲਡਰਜ਼ ਨੇ ਵੱਡੇ ਸ਼ਹਿਰਾਂ ਵਿਚ ਉਸਾਰੀ ਤੇਜ਼ ਕਰ ਦਿੱਤੀ ਅਤੇ ਇਸ ਵੇਲੇ ਹਾਲਾਤ ਬਿਲਕੁਲ ਉਲਟ ਨਜ਼ਰ ਆ ਰਹੇ ਹਨ। ਸਟੈਟਿਸਟਿਕਸ ਕੈਨੇਡਾ ਦੇ ਅੰਕੜੇ ਭਾਵੇਂ ਮਕਾਨ ਕੀਮਤਾਂ ਵਿਚ ਕਮੀ ਵੱਲ ਇਸ਼ਾਰਾ ਕਰ ਰਹੇ ਹਨ ਪਰ ਐਟਲਾਂਟਿਕ ਕੈਨੇਡਾ ਵਿਚ ਪਿਛਲੇ 30 ਦਿਨ ਦੌਰਾਨ ਮਕਾਨ 28,833 ਡਾਲਰ (7.5%) ਮਹਿੰਗੇ ਹੋ ਗਏ। ਪ੍ਰਿੰਸ ਐਡਵਰਡ ਆਇਲੈਂਡ ਵਿਚ 28,883 ਡਾਲਰ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਨੋਵਾ ਸਕੋਸ਼ੀਆ ਵਿਚ ਇਕ ਘਰ ਦੀ ਔਸਤ ਕੀਮਤ 23,026 ਡਾਲਰ (5.2%) ਵਧੀ ਅਤੇ ਨਿਊਫਾਊਂਡਲੈਂਡ ਵਿੱਚ 8,100 ਡਾਲਰ (2.3%) ਦਾ ਵਾਧਾ ਦਰਜ ਕੀਤਾ ।

ਦੂਜੇ ਪਾਸੇ ਕੈਨੇਡਾ ਦੇ ਦੋ ਸਭ ਤੋਂ ਵੱਡੇ ਰੀਅਲ ਅਸਟੇਟ ਮਾਰਕੀਟ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕੀਮਤਾਂ ਲਗਾਤਾਰ ਡਿੱਗ ਰਹੀਆਂ ਹਨ। ਓਨਟਾਰੀਓ ਵਿਚ ਇਕ ਮਕਾਨ ਦੀ ਔਸਤ ਕੀਮਤ ਵਿਚ 3,600 ਡਾਲਰ ਦੀ ਕਮੀ ਦਰਜ ਕੀਤੀ ਗਈ ਜਦਕਿ ਬ੍ਰਿਟਿਸ਼ ਕੋਲੰਬੀਆ ਵਿਚ ਮਕਾਨ 2,100 ਡਾਲਰ ਤੱਕ ਸਸਤੇ ਹੋਏ ਜਦਕਿ ਕੌਮੀ ਪੱਧਰ 'ਤੇ ਮਕਾਨ ਸਸਤੇ ਹੋਣ ਦਾ ਅੰਕੜਾ 24,700 ਡਾਲਰ ਦਰਜ ਕੀਤਾ ਗਿਆ। ਮੌਰਗੇਜ ਦਰਾਂ ਵਿਚ ਵਾਧਾ ਅਤੇ ਕੈਨੇਡੀਅਨ ਵਸੋਂ ਘਟਣ ਦੇ ਰੁਝਾਨ ਸਦਕਾ ਰੀਅਲ ਅਸਟੇਟ ਬਾਜ਼ਾਰ ਵਿਚ ਪਿਛਲੇ ਕੁਝ ਮਹੀਨੇ ਤੋਂ ਰੌਣਕਾਂ ਗਾਇਬ ਹਨ। ਕੈਨੇਡਾ ਮੌਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਦੇ ਡਿਪਟੀ ਚੀਫ਼ ਇਕੌਨੋਮਿਸਟ ਕੈਵਿਨ ਹਿਊਜ਼ ਦਾ ਕਹਿਣਾ ਹਾਊਸਿੰਗ ਮਾਰਕਿਟ ਸਮੇਂ ਦੀ ਮਾਰ ਝੱਲ ਰਹੀ ਹੈ। ਖ਼ਤਰਨਾਕ ਸਮੁੰਦਰੀ ਤੂਫ਼ਾਨ ਜਾਂ ਵਾਵਰੋਲੇ ਵੀ ਐਨਾ ਨੁਕਸਾਨ ਨਹੀਂ ਕਰਦੇ ਜਿੰਨਾ ਪਿਛਲੇ ਸਮੇਂ ਦੌਰਾਨ ਰੀਅਲ ਅਸਟੇਟ ਬਾਜ਼ਾਰ ਨੂੰ ਬਰਦਾਸ਼ਤ ਕਰਨਾ ਪਿਆ ਹੈ ਪਰ ਪਿਛਲੇ ਸਾਲ ਦੇ ਮੁਕਾਬਲੇ ਕਰਜ਼ੇ ਦੀਆਂ ਕਿਸ਼ਤਾਂ ਦਾ ਬੋਝ ਘਟਿਆ ਹੈ ਜਿਸ ਦੇ ਮੱਦੇਨਜ਼ਰ ਮੌਜੂਦਾ ਵਰ੍ਹੇ ਦੇ ਬਾਕੀ ਪੰਜ ਮਹੀਨੇ ਹਾਂਪੱਖੀ ਸਾਬਤ ਹੋ ਸਕਦੇ ਹਨ। ਹਿਊਜ਼ ਨੇ ਮੰਨਿਆ ਕਿ ਕੰਸਟ੍ਰਕਸ਼ਨ ਦਾ ਖ਼ਰਚਾ ਲਗਾਤਾਰ ਵਧ ਰਿਹਾ ਹੈ ਅਤੇ ਕੀਮਤਾਂ ਵਿਚ ਆਈ ਗਿਰਾਵਟ ਇਸ ਨਾਲ ਮੇਲ ਨਹੀਂ ਖਾਂਦੀ।

ਕੈਨੇਡਾ ਵਿੱਚ ਇੱਕ ਆਮ ਘਰ ਦੀ ਕੀਮਤ ਜੂਨ 'ਚ 665,600 ਡਾਲਰ ਰਹੀ, ਜੋ ਕਿ ਪਿਛਲੇ ਮਹੀਨੇ ਦੇ ਮੁਕਾਬਲੇ 0.3% ਘੱਟ ਹੈ। ਹਾਲਾਂਕਿ ਇਹ ਮੰਦੀ ਪੂਰੇ ਦੇਸ਼ ਵਿੱਚ ਇੱਕਸਾਰ ਨਹੀਂ ਹੈ। ਨਿਊਫਾਊਂਡਲੈਂਡ, ਨੋਵਾ ਸਕੋਸ਼ੀਆ, ਪੀ.ਈ.ਆਈ.,ਕਿਊਬੈਕ ਅਤੇ ਸਸਕੈਚਵਨ ਵਰਗੇ ਸੂਬੇ ਅਜੇ ਵੀ ਆਪਣੇ ਰਿਕਾਰਡ ਉੱਚ ਪੱਧਰ 'ਤੇ ਹਨ, ਜਦੋਂ ਕਿ ਸਿਰਫ ਦੋ ਸੂਬੇ (ਓਨਟਾਰੀਓ ਅਤੇ ਬੀ.ਸੀ.) ਹੀ ਰਾਸ਼ਟਰੀ ਗਿਰਾਵਟ ਵਿੱਚ ਸਭ ਤੋਂ ਵੱਡਾ ਯੋਗਦਾਨ ਪਾ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਅਟਲਾਂਟਿਕ ਖੇਤਰ ਵਿੱਚ ਨਿਊ ਬਰੰਜ਼ਵਿਕ ਇਕਲੌਤਾ ਅਜਿਹਾ ਸੂਬਾ ਹੈ ਜਿੱਥੇ ਜੂਨ ਵਿੱਚ ਕੀਮਤਾਂ 1.8% (-6,230 ਡਾਲਰ) ਘਟੀਆਂ ਹਨ। ਮਾਹਿਰ ਇਸ ਨੂੰ ਉਸ ਖੇਤਰ ਵਿੱਚ ਮਾਰਕੀਟ ਦੇ ਠੰਢੇ ਹੋਣ ਦਾ ਪਹਿਲਾ ਸੰਕੇਤ ਮੰਨ ਰਹੇ ਹਨ।

# 200 ਤੇ 500 ਦੇ ਨੋਟਾਂ ਤੇ ਬੈਨ ਖ਼ਤਮ ! ਨੇਪਾਲ ਦੀ ਰਾਸ਼ਟਰੀ ਬੈਂਕ ਦਾ ਵੱਡਾ ਫ਼ੈਸਲਾ



ਕਾਠਮੰਡੂ , 26 ਜੁਲਾਈ (ਪ੍ਰਤੀਨਿਧੀ) : ਨੇਪਾਲ ਨੇ ਭਾਰਤੀ ਅਤੇ ਨੇਪਾਲੀ ਨਾਗਰਿਕਾਂ ਨੂੰ 9 ਨਵੰਬਰ 2016 ਨੂੰ ਜਾਂ ਉਸ ਤੋਂ ਬਾਅਦ ਜਾਰੀ ਕੀਤੇ ਗਏ 200 ਅਤੇ 500 ਰੁਪਏ ਦੇ ਭਾਰਤੀ ਨੋਟਾਂ ਨੂੰ ਦੇਸ਼ ਵਿੱਚ ਲਿਆਉਣ ਅਤੇ ਬਾਹਰ ਲਿਜਾਣ ਦੀ ਇਜਾਜ਼ਤ ਦੇ ਦਿੱਤੀ ਹੈ, ਪਰ ਇਸ ਦੀ ਵੱਧ ਤੋਂ ਵੱਧ ਸੀਮਾ 25,000 ਰੁਪਏ ਰੱਖੀ ਗਈ ਹੈ। ਭਾਰਤ ਵੱਲੋਂ 2016 ਵਿੱਚ ਨੋਟਬੰਦੀ ਕੀਤੇ ਜਾਣ ਤੋਂ ਬਾਅਦ, ਸਿਰਫ 100 ਰੁਪਏ ਦੇ ਨੋਟਾਂ ਨੂੰ ਹੀ ਲਿਆਉਣ ਅਤੇ ਲਿਜਾਣ ਦੀ ਇਜਾਜ਼ਤ ਸੀ। ਵੀਰਵਾਰ ਨੂੰ ਜਾਰੀ ਕੀਤੇ ਇੱਕ ਨੋਟਿਸ ਵਿੱਚ, ਨੇਪਾਲ ਰਾਸ਼ਟਰ ਬੈਂਕ (ਐਨਆਰਬੀ) ਨੇ ਕਿਹਾ ਕਿ 9 ਨਵੰਬਰ 2016 ਤੋਂ ਪਹਿਲਾਂ ਜਾਰੀ ਕੀਤੇ ਗਏ 500 ਰੁਪਏ ਅਤੇ 1000 ਰੁਪਏ ਦੇ ਭਾਰਤੀ ਨੋਟ ਨੇਪਾਲ ਵਿੱਚ ਪਾਬੰਦੀਸ਼ੁਦਾ ਰਹਿਣਗੇ।

ਨੋਟੀਫਿਕੇਸ਼ਨ ਦੇ ਅਨੁਸਾਰ, ਮੌਜੂਦਾ ਨਿਯਮਾਂ ਦੇ ਤਹਿਤ, ਨੇਪਾਲੀ ਅਤੇ ਭਾਰਤੀ ਨਾਗਰਿਕ 9 ਨਵੰਬਰ 2016 ਤੋਂ ਬਾਅਦ ਜਾਰੀ ਕੀਤੇ ਗਏ 200 ਅਤੇ 500 ਰੁਪਏ ਦੇ ਭਾਰਤੀ ਨੋਟਾਂ ਨੂੰ ਨੇਪਾਲ ਵਿੱਚ ਲਿਆ ਸਕਦੇ ਹਨ ਜਾਂ ਉਥੋਂ ਲਿਜਾ ਸਕਦੇ ਹਨ, ਪਰ ਇਸ ਦੀ ਵੱਧ ਤੋਂ ਵੱਧ ਸੀਮਾ ਪ੍ਰਤੀ ਵਿਅਕਤੀ 25,000 ਰੁਪਏ ਰਹੇਗੀ। ਹਾਲਾਂਕਿ, ਨੇਪਾਲ ਰਾਸ਼ਟਰ ਬੈਂਕ ਨੇ 11 ਫਰਵਰੀ ਨੂੰ ਨੇਪਾਲ ਗਜ਼ਟ ਵਿੱਚ ਪ੍ਰਕਾਸ਼ਿਤ ਇੱਕ ਨੋਟੀਫਿਕੇਸ਼ਨ ਰਾਹੀਂ ਇਨ੍ਹਾਂ ਵਿਵਸਥਾਵਾਂ ਨੂੰ ਪਹਿਲਾਂ ਹੀ ਲਾਗੂ ਕਰ ਦਿੱਤਾ ਸੀ।

ਇਸ ਦੇ ਬਾਵਜੂਦ, ਕੇਂਦਰੀ ਬੈਂਕ ਨੇ ਵੀਰਵਾਰ ਨੂੰ ਇੱਕ ਨਵਾਂ ਨੋਟਿਸ ਜਾਰੀ ਕਰਕੇ ਨਿਯਮਾਂ ਨੂੰ ਦੁਹਰਾਇਆ ਅਤੇ ਉਨ੍ਹਾਂ ਦੇ ਲਾਗੂਕਰਨ ਨੂੰ ਸਪੱਸ਼ਟ ਕੀਤਾ। ਨਵੇਂ ਨਿਯਮਾਂ ਦੀ ਵਿਆਖਿਆ ਕਰਦੇ ਹੋਏ, ਐਨਆਰਬੀਦੇ ਬੁਲਾਰੇ ਗੁਰੂ ਪ੍ਰਸਾਦ ਪੌਡੇਲ ਨੇ ਸ਼ਨੀਵਾਰ ਨੂੰ ਕਿਹਾ ਕਿ ਨੇਪਾਲੀ ਨਾਗਰਿਕ ਭਾਰਤ ਤੋਂ ਇਲਾਵਾ ਕਿਸੇ ਹੋਰ ਦੇਸ਼ ਤੋਂ ਨੇਪਾਲ ਵਿੱਚ ਭਾਰਤੀ ਕਰੰਸੀ ਨਹੀਂ ਲਿਆ ਸਕਦੇ। ਇਸੇ ਤਰ੍ਹਾਂ, ਉਹ ਭਾਰਤ ਨੂੰ ਛੱਡ ਕੇ ਕਿਸੇ ਹੋਰ ਦੇਸ਼ ਵਿੱਚ ਨੇਪਾਲ ਤੋਂ ਭਾਰਤੀ ਕਰੰਸੀ ਨਹੀਂ ਲਿਜਾ ਸਕਦੇ। ਉਨ੍ਹਾਂ ਕਿਹਾ ਕਿ ਨਵੀਂ ਵਿਵਸਥਾ ਨੇਪਾਲ ਆਉਣ ਵਾਲੇ ਭਾਰਤੀ ਸੈਲਾਨੀਆਂ ਅਤੇ ਭਾਰਤ ਨਾਲ ਵਪਾਰ ਕਰਨ ਵਾਲੇ ਨੇਪਾਲੀ ਨਾਗਰਿਕਾਂ ਨੂੰ ਬਹੁਤ ਸਹੂਲਤ ਦੇਵੇਗੀ। ਨੋਟੀਫਿਕੇਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਨੇਪਾਲੀ ਨਾਗਰਿਕ ਅਤੇ ਵਿਦੇਸ਼ੀ ਸੈਲਾਨੀ ਬਿਨਾਂ ਕਸਟਮ ਘੋਸ਼ਣਾ ਦੇ ਨੇਪਾਲ ਵਿੱਚ 5,000 ਅਮਰੀਕੀ ਡਾਲਰ ਜਾਂ ਇਸਦੇ ਬਰਾਬਰ ਹੋਰ ਵਿਦੇਸ਼ੀ ਕਰੰਸੀਆਂ ਲਿਆ ਸਕਦੇ ਹਨ। ਜੇਕਰ ਰਕਮ 5,000 ਅਮਰੀਕੀ ਡਾਲਰ ਤੋਂ ਵੱਧ ਹੈ, ਤਾਂ ਪਹੁੰਚਣ 'ਤੇ ਕਸਟਮ ਅਧਿਕਾਰੀਆਂ ਸਾਹਮਣੇ ਇਸਦਾ ਐਲਾਨ ਕਰਨਾ ਲਾਜ਼ਮੀ ਹੋਵੇਗਾ। ਭਾਰਤ ਨੇ 8 ਨਵੰਬਰ 2016 ਨੂੰ 500 ਅਤੇ 1,000 ਰੁਪਏ ਦੇ ਨੋਟਾਂ ਨੂੰ ਬੰਦ ਕਰ ਦਿੱਤਾ ਸੀ। ਇਸ ਤੋਂ ਬਾਅਦ, 500 ਅਤੇ 2,000 ਰੁਪਏ ਦੇ ਨਵੇਂ ਨੋਟ ਜਾਰੀ ਕੀਤੇ ਗਏ ਸਨ। ਫਿਰ 2,000 ਰੁਪਏ ਦੇ ਨੋਟ ਵੀ ਬਾਅਦ ਵਿੱਚ ਵਾਪਸ ਲੈ ਲਏ ਗਏ। ਨੋਟਬੰਦੀ ਤੋਂ ਬਾਅਦ, ਨੇਪਾਲ ਨੇ ਪੁਰਾਣੀ ਭਾਰਤੀ ਕਰੰਸੀ ਦੀ ਵਰਤੋਂ ਅਤੇ ਲੈਣ-ਦੇਣ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਸਨ। ਇਸ ਕਦਮ ਨਾਲ ਦੋਵਾਂ ਦੇਸ਼ਾਂ ਵਿਚਕਾਰ ਯਾਤਰਾ ਅਤੇ ਸਰਹੱਦ ਪਾਰ ਲੈਣ-ਦੇਣ ਜ਼ਿਆਦਾ ਸੁਖਾਲਾ ਹੋ ਜਾਵੇਗਾ।

# ਫ਼ਰਾਂਸ ਅਤੇ ਸਪੇਨ 'ਚ ਜੰਗਲੀ ਅੱਗ ਕਾਰਨ 2 ਲੱਖ ਲੋਕ ਘਰ ਛੱਡਣ ਲਈ ਮਜਬੂਰ



ਆਰਕਾਸ਼ੋਨ (ਫ਼ਰਾਂਸ) , 26 ਜੁਲਾਈ (ਪ੍ਰਤੀਨਿਧੀ) : ਫ਼ਰਾਂਸ ਦੇ ਦੱਖਣ-ਪੱਛਮੀ ਅਤੇ ਸਪੇਨ ਦੇ ਮੱਧਵਰਤੀ ਖੇਤਰਾਂ 'ਚ ਭੜਕੀ ਜੰਗਲੀ ਅੱਗ ਕਾਰਨ ਲੱਗਭਗ 2 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ। ਮੈਡ੍ਰਿਡ ਅਤੇ ਬੋਰਦੋ ਵਰਗੇ ਮੁੱਖ ਸ਼ਹਿਰਾਂ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਅੱਗ ਦਾ ਸਭ ਤੋਂ ਵੱਧ ਅਸਰ ਦੇਖਿਆ ਜਾ ਰਿਹਾ ਹੈ। ਦੋਵਾਂ ਯੂਰਪੀ ਦੇਸ਼ਾਂ 'ਚ ਫੈਲੀ ਇਸ ਭਿਆਨਕ ਜੰਗਲੀ ਅੱਗ 'ਤੇ ਕਾਬੂ ਪਾਉਣ ਲਈ ਫਾਇਰਫਾਈਟਰਾਂ ਅਤੇ ਪ੍ਰਸ਼ਾਸਨ ਨੂੰ ਸ਼ੁੱਕਰਵਾਰ ਨੂੰ ਕਾਫ਼ੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਭਿਆਨਕ ਗਰਮੀ ਅਤੇ ਜਲਵਾਯੂ ਤਬਦੀਲੀ ਦੇ ਲੰਮੇ ਸਮੇਂ ਦੇ ਪ੍ਰਭਾਵਾਂ ਕਾਰਨ ਅੱਗ ਲਗਾਤਾਰ ਭਿਆਨਕ ਹੁੰਦੀ ਜਾ ਰਹੀ ਹੈ।

ਸਪੇਨ ਦੇ ਫਾਇਰਫਾਈਟਰਾਂ ਨੇ ਮੰਨਿਆ ਕਿ ਅੱਗ ਦੀਆਂ ਲਪਟਾਂ ਇੰਨੀਆਂ ਭਿਆਨਕ ਹਨ ਕਿ ਆਮ ਹਾਲਾਤ ਵਿਚ ਉਨ੍ਹਾਂ 'ਤੇ ਕਾਬੂ ਪਾਉਣਾ ਲੱਗਭਗ ਅਸੰਭਵ ਹੈ। ਫ਼ਰਾਂਸ ਦੇ ਅਟਲਾਂਟਿਕ ਤੱਟੀ ਸੈਰ-ਸਪਾਟਾ ਖੇਤਰਾਂ ਤੱਕ ਅੱਗ ਪਹੁੰਚਣ 'ਤੇ ਕਈ ਲੋਕਾਂ ਨੂੰ ਕਿਸ਼ਤੀਆਂ ਦੇ ਸਹਾਰੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ। ਫ਼ਰਾਂਸ ਦੇ ਗ੍ਰਹਿ ਮੰਤਰਾਲੇ ਅਨੁਸਾਰ, ਦੇਸ਼ ਦੇ ਗਿਰੋਂਦ ਅਤੇ ਲਾਂਦ ਖੇਤਰਾਂ ਵਿਚ ਲੱਗਭਗ 1.41 ਲੱਖ ਲੋਕਾਂ ਨੂੰ ਆਪਣੇ ਘਰ ਖਾਲੀ ਕਰਨੇ ਪਏ ਹਨ।

ਉੱਥੇ ਹੀ, ਸਪੇਨ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਮੱਧ ਸਪੇਨ ਵਿਚ ਕਰੀਬ 60,000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ, ਫ਼ਰਾਂਸ ਵਿਚ ਅੱਗ ਬੁਝਾਉਣ ਦੌਰਾਨ ਕਈ ਫਾਇਰਫਾਈਟਰ ਜ਼ਖ਼ਮੀ ਹੋ ਗਏ। ਜੰਗਲਾਂ ਤੋਂ ਉੱਠਦੇ ਧੂੰਏਂ ਦੇ ਗੁਬਾਰ ਵਿਚਾਲੇ ਲੋਕ ਆਪਣੀ ਜਾਨ ਬਚਾਉਣ ਲਈ ਕਾਰਾਂ ਰਾਹੀਂ ਸੁਰੱਖਿਅਤ ਥਾਵਾਂ ਵੱਲ ਨਿਕਲ ਪਏ ਅਤੇ ਇਸ ਦੌਰਾਨ ਪੁਲਸ ਕਰਮਚਾਰੀ ਘਰ-ਘਰ ਜਾ ਕੇ ਲੋਕਾਂ ਨੂੰ ਤੁਰੰਤ ਇਲਾਕਾ ਖਾਲੀ ਕਰਨ ਦੀ ਅਪੀਲ ਕਰਦੇ ਰਹੇ।